page1_page2.qxd 25-04-2023 08:51 Page 1




ਰੋਜ਼ਾਨਾ

# ਲੋਕ ਬਾਣੀ

ਸੱਚ ਤੇ ਨਿਡਰ ਆਵਾਜ਼


ਇਸ ਵਾਰ ਗਰਮੀ ਦੀਆਂ ਛੁੱਟੀਆਂ ਮਨਾਓ
CANADA
SCHENGEN
UK/ AUSTRALIA
TOURIST VISA
1341ਵੀਜ਼ਾ
1 ਜਨਵਰੀ 2023 ਤੋਂ ਲੈ ਕੇ
22 ਅਪ੍ਰੈਲ 2023 ਤੱਕ ਲੱਗੇ
ਸੱਭ ਤੋਂ ਵੱਧ ਵੀਜ਼ਾ ਲਗਵਾਉਣ ਤੇ ਚਾਰ ਵਾਰ ਅਵਾਰਡ ਜਿੱਤਣ ਵਾਲੀ ਕੰਪਨੀ
ਅਪਲਾਈ ਕਰਨ ਤੋਂ ਪਹਿਲਾਂ ਲੱਗੇ ਹੋਏ ਵੀਜ਼ਾ ਦੀ ਕਾਪੀ ਚੈੱਕ ਕਰੋ
easyvisa | CALL 9592 200200

Email : Lokbani08@gmail.com ਮੰਗਲਵਾਰ, 25 ਅਪ੍ਰੈਲ 2023 ਮੁੱਖ ਸੰਪਾਦਕ:-ਅਮਨ ਮਹਿਰਾ ਜਲੰਧਰ

RNI .PUNPUN/29016/2008 | ਸਾਲ 15 | ਅੰਕ 112 | ਮੁੱਲ 5ਰੁਪਏ | ਕੁੱਲ ਪੇਜ਼ 10 | ਫੈਕਸ: 0181-2211009,99155-94111

JSDC GROUP
ਜਲੰਧਰ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ®
178, ਪੁਲਿਸ ਲਾਈਨ ਰੋਡ, ਰਣਜੀਤ ਨਗਰ, ਜਲੰਧਰ - ਇੰਡੋ ਕੈਨੇਡੀਅਨ ਬੱਸ ਦਫਤਰ ਦੇ ਨੇੜੇ
82880 21797
82880 21798
ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਤੋਂ ਮਾਨਤਾ ਪ੍ਰਾਪਤ ਭਰਤੀ ਏਜੰਸੀ | ਲਾਇਸੰਸ ਨੰ: B-1303/PUN/PER/1000+/5/9437/2018
WWW.JSDCGROUP.COM
ਦੁਬਈ, ਕੁਵੈਤ ਅਤੇ ਯੂਰਪ ਦੇ ਦੇਸ਼ਾਂ ਵਿੱਚ ਵਰਕ ਪਰਮਿਟ ਦੀ ਜਾਣਕਾਰੀ ਲਈ ਅੱਗੇ ਦਿੱਤੇ ਨੰਬਰਾਂ 'ਤੇ ਕਾਲ ਕਰੋ
ਜਾਂ ਸਾਡੇ ਫੇਸਬੁੱਕ, ਇੰਸਟਾਗ੍ਰਾਮ, ਲਿੰਕਡਇਨ, ਯੂਟਿਊਬ ਅਤੇ ਟਵਿੱਟਰ ਅਕਾਉਂਟਸ ਨੂੰ ਫਾਲੋ ਕਰੋ
JSDC GROUP - INDIA

## ਤੇਜ਼ ਭੂਚਾਲ ਆਇਆ ਪ੍ਰਸ਼ਾਂਤ ਮਹਾਸਾਗਰ ਵਿੱਚ



**ਵੇਲਿੰਗਟਨ (ਲੋਕ ਬਾਣੀ)** ਪ੍ਰਸ਼ਾਂਤ ਮਹਾਸਾਗਰ ਦੇ ਇੱਕ ਦੂਰ-ਦੁਰਾਡੇ ਹਿੱਸੇ ਵਿੱਚ ਅੱਜ 7.1 ਸ਼ਿੱਦਤ ਦਾ ਭੂਚਾਲ ਆਇਆ, ਪਰ ਸੁਨਾਮੀ ਦਾ ਕੋਈ ਖ਼ਤਰਾ ਨਹੀਂ ਹੈ। ਅਮਰੀਕੀ ਭੂ-ਵਿਗਿਆਨ ਸਰਵੇਖਣ ਮੁਤਾਬਕ ਇਹ ਭੂਚਾਲ ਨਿਊਜ਼ੀਲੈਂਡ ਦੇ ਉੱਤਰੀ ਟਾਪੂ ਤੋਂ ਲਗਪਗ 900 ਕਿਲੋਮੀਟਰ ਉੱਤਰ-ਪੂਰਬ ਵਿੱਚ ਕੇਰਮਾਡੇਕ ਟਾਪੂ ਨੇੜੇ 49 ਕਿਲੋਮੀਟਰ ਦੀ ਡੂੰਘਾਈ 'ਤੇ ਆਇਆ ਸੀ। ਨਿਊਜ਼ੀਲੈਂਡ ਦੀ ਕੌਮੀ ਆਫ਼ਤ ਪ੍ਰਬੰਧਨ ਏਜੰਸੀ ਨੇ ਇੱਕ ਬਿਆਨ ਵਿੱਚ ਕਿਹਾ ਕਿ ਉਹ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਭੂਚਾਲ ਮੁੜ ਨਿਊਜ਼ੀਲੈਂਡ ਨੂੰ ਪ੍ਰਭਾਵਿਤ ਕਰ ਸਕਦਾ ਹੈ ਜਾਂ ਨਹੀਂ।

## ਪੰਜ ਭਾਰਤੀ ਨਾਗਰਿਕਾਂ ਨੂੰ ਸੂਡਾਨ ਵਿਚੋਂ ਕੱਢਿਆ ਗਿਆ

**ਨਵੀਂ ਦਿੱਲੀ (ਕਪੂਰ)** ਫ਼ਰਾਂਸੀਸੀ ਡਿਪਲੋਮੈਟਿਕ ਸਰੋਤਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਪੰਜ ਭਾਰਤੀ ਨਾਗਰਿਕਾਂ ਨੂੰ ਫ਼ਰੈਂਚ ਏਅਰ ਫ਼ੋਰਸ ਫ਼ਲਾਈਟ ਰਾਹੀਂ ਸੂਡਾਨ ਤੋਂ ਬਾਹਰ ਕੱਢਿਆ ਗਿਆ ਅਤੇ 28 ਤੋਂ ਵੱਧ ਹੋਰ ਕੌਮੀਅਤਾਂ ਦੇ ਲੋਕਾਂ ਦੇ ਨਾਲ ਜਿਬੂਤੀ ਵਿਚ ਫ਼ਰਾਂਸ ਦੇ ਫ਼ੌਜੀ ਅੱਡੇ 'ਤੇ ਲਿਆਂਦਾ ਗਿਆ।

## ਪੰਜਾਬ ਵਿੱਚ ਪਾਠ ਕਰ ਰਹੇ ਗ੍ਰੰਥੀ ਦੀ ਵਿਅਕਤੀ ਵਲੋ ਕੀਤੀ ਗਈ ਕੁਟਮਾਰ

**ਰਪਨਗਰ (ਲੋਕ ਬਾਣੀ)** ਮੋਰਿੰਡਾ ਦੇ ਗੁਰਦੁਆਰਾ ਕੋਤਵਾਲੀ ਸਾਹਿਬ 'ਚ ਬੇਅਦਬੀ ਕਰਨ ਦੀ ਕੋਸ਼ਿਸ਼ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਅਨੁਸਾਰ ਇਕ ਨੌਜਵਾਨ ਗੁਰੂ ਘਰ ਅੰਦਰ ਦਾਖ਼ਲ ਹੋ ਗਿਆ ਤੇ ਪਾਠ ਕਰ ਰਹੇ ਗ੍ਰੰਥੀ ਸਿੰਘਾਂ ਦੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਨੌਜਵਾਨ ਨੇ ਗੁਰੂ ਗ੍ਰੰਥ ਸਾਹਿਬ ਦੀ ਵੀ ਬੇਅਦਬੀ ਕੀਤੀ। ਇਸ ਤੋਂ ਬਾਅਦ ਸੰਗਤ ਨੇ ਉਸ ਨੂੰ ਕਾਬੂ ਕਰ ਲਿਆ। ਬਾਅਦ ਵਿਚ ਪੁਲਿਸ ਵਲੋਂ ਨੌਜਵਾਨ ਨੂੰ ਹਿਰਾਸਤ ਵਿਚ ਲੈ ਲਿਆ ਹੈ। ਰੋਹ ਵਿਚ ਆਈ ਸੰਗਤ ਨੇ ਸੜਕ ਜਾਮ ਕਰਕੇ ਮੰਗ ਕੀਤੀ ਕਿ ਫੜ੍ਹੇ ਗਏ ਨੌਜਵਾਨ ਨੂੰ ਉਨ੍ਹਾਂ ਦੇ ਹਵਾਲੇ ਕੀਤਾ ਜਾਵੇ। ਜਿਸ ਤੋਂ ਬਾਅਦ ਮਾਮਲਾ ਭੱਖ ਗਿਆ। ਮੌਕੇ ਉਤੇ ਪਹੁੰਚੀ ਪੁਲਿਸ ਧਰਨਾ ਦੇ ਰਹੀ ਸੰਗਤ ਨੂੰ ਸਮਝਾਉਣ ਦੀ ਕੋਸ਼ਿਸ਼ ਕਰ ਰਹੀ ਹੈ।

## ਹਿਜਬੂਲ ਮੁੱਖੀ ਦੇ ਬੇਟੇ ਦੇ ਘਰ ਦਾ ਐਨਆਈਏ ਕਰੇਗਾ ਕੁਰਕ

**ਚੰਡੀਗੜ੍ਹ/ ਵਿਨੋਦ ਸ਼ਰਮਾ**

ਕੌਮੀ ਜਾਂਚ ਏਜੰਸੀ (ਐੱਨਆਈਏ) ਵੱਲੋਂ ਇੱਥੇ ਰਾਮਬਾਗ਼ ਇਲਾਕੇ ਵਿੱਚ ਹਿਜ਼ਬੁਲ ਮੁਜਾਹਿਦੀਨ ਦੇ ਮੁਖੀ ਸਈਦ ਸਲਾਹੂਦੀਨ ਦੇ ਬੇਟੇ ਦਾ ਇੱਕ ਮਕਾਨ ਅੱਜ ਕੁਰਕ ਕੀਤਾ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਗ਼ੈਰਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ (ਯੂਏਪੀਏ) ਤਹਿਤ ਅਦਾਲਤ ਦੇ ਆਦੇਸ਼ 'ਤੇ ਘਰ ਕੁਰਕ ਕੀਤਾ ਗਿਆ, ਜੋ ਮਾਲ ਰਿਕਾਰਡ ਵਿੱਚ ਸਈਦ ਅਹਿਮਦ ਸ਼ਕੀਲ ਦੇ ਨਾਮ 'ਤੇ ਰਜਿਸਟਰਡ ਹੈ। ਜਾਇਦਾਦ ਕੁਰਕ ਕਰਨ ਸਬੰਧੀ ਇੱਕ ਨੋਟਿਸ ਮਕਾਨ ਦੇ ਬਾਹਰ ਲਗਾ ਦਿੱਤਾ ਗਿਆ ਹੈ। ਅਧਿਕਾਰਿਤ ਸੂਤਰਾਂ ਨੇ ਦੱਸਿਆ ਕਿ ਸਈਦ ਸਲਾਹੂਦੀਨ ਦੀ ਹੋਰ ਜਾਇਦਾਦ ਵੀ ਕੁਰਕ ਕੀਤੇ ਜਾਣ ਦੀ ਸੰਭਾਵਨਾ ਹੈ।




## ਸੁਪਰੀਮ ਕੋਰਟ ਕਰੇਗਾ ਅਤੀਕ ਤੇ ਅਸ਼ਰਫ ਕਤਲ ਮਾਮਲੇ ਦੀ ਪਟੀਸ਼ਨ ਤੇ ਸੁਣਵਾਈ

**ਦਿੱਲੀ/ ਕਪੂਰ**

ਨਵੀਂ ਦਿੱਲੀ, 24 ਅਪ੍ਰੈਲ- ਸੁਪਰੀਮ ਕੋਰਟ ਨੇ ਅਤੀਕ ਅਤੇ ਅਸ਼ਰਫ਼ ਦੇ ਕਤਲ ਦੀ ਜਾਂਚ ਲਈ ਸੁਪਰੀਮ ਕੋਰਟ ਦੇ ਸਾਬਕਾ ਜੱਜ ਦੀ ਅਗਵਾਈ ਵਾਲੀ ਕਮੇਟੀ ਦੇ ਗਠਨ ਦੀ ਮੰਗ ਕਰਨ ਵਾਲੀ ਪਟੀਸ਼ਨ 'ਤੇ ਸੁਣਵਾਈ ਲਈ ਸਹਿਮਤੀ ਦੇ ਦਿੱਤੀ ਹੈ। ਅਦਾਲਤ ਨੇ ਇਸ ਮਾਮਲੇ ਨੂੰ 28 ਅਪ੍ਰੈਲ ਤੱਕ ਸੂਚੀਬੱਧ ਕਰਨ ਦੇ ਨਿਰਦੇਸ਼ ਦਿੱਤੇ ਹਨ। ਇਹ ਪਟੀਸ਼ਨ ਐਡਵੋਕੇਟ ਵਿਸ਼ਾਲ ਤਿਵਾਰੀ ਦੁਆਰਾ ਦਾਇਰ ਕੀਤੀ ਗਈ ਹੈ, ਜਿਸ ਨੇ ਯੂ.ਪੀ. ਵਿਚ 2017 ਤੋਂ ਹੁਣ ਤੱਕ 183 ਮੁਕਾਬਲਿਆਂ ਦੀ ਜਾਂਚ ਦੀ ਮੰਗ ਕੀਤੀ ਹੈ। ਤਿਵਾਰੀ ਨੇ ਚੀਫ਼ ਜਸਟਿਸ ਡੀ.ਵਾਈ. ਚੰਦਰਚੂੜ ਅਤੇ ਜਸਟਿਸ ਪੀ.ਐਸ. ਨਰਸਿਮਹਾ ਦੀ ਬੈਂਚ ਅੱਗੇ ਮਾਮਲੇ ਦੀ ਤੁਰੰਤ ਸੁਣਵਾਈ ਦੀ ਮੰਗ ਕੀਤੀ ਸੀ, ਹਾਲਾਂਕਿ ਅਦਾਲਤ ਨੇ ਇਸ ਮਾਮਲੇ ਨੂੰ 28 ਅਪ੍ਰੈਲ ਨੂੰ ਸੂਚੀਬੱਧ ਕਰਨ ਦੇ ਨਿਰਦੇਸ਼ ਦਿੱਤੇ ਹਨ।

## 40 ਲੋਕਾਂ ਨੂੰ ਹਿਰਾਸਤ ਵਿੱਚ ਲੈ ਕੇ ਪੁਣਛ ਅਤਿਵਾਦੀ ਹਮਲੇ ਦੀ ਜਾਚ ਕੀਤੀ ਗਈ

**ਪੁਣਛ/ਜੰਮੂ**

ਜੰਮੂ ਕਸ਼ਮੀਰ ਦੇ ਪੁਣਛ ਵਿੱਚ ਅਤਿਵਾਦੀ ਹਮਲੇ 'ਚ ਸਾਜ਼ਿਸ਼ਘਾੜਿਆਂ ਦੀ ਪੈੜ ਨੱਪਣ ਲਈ ਚਲਾਏ ਜਾ ਰਹੇ ਵੱਡੇ ਆਪਰੇਸ਼ਨ ਤਹਿਤ 40 ਤੋਂ ਵੱਧ ਲੋਕਾਂ ਨੂੰ ਪੁੱਛਗਿੱਛ ਲਈ ਹਿਰਾਸਤ ਵਿੱਚ ਲਿਆ ਗਿਆ ਹੈ। ਅਧਿਕਾਰੀਆਂ ਨੇ ਅੱਜ ਦੱਸਿਆ ਕਿ ਬਾਟਾ ਡੋਰੀਆ-ਤੋਤਾ ਗਲੀ ਅਤੇ ਗੁਆਂਢੀ ਇਲਾਕਿਆਂ ਵਿੱਚ ਘੇਰਾਬੰਦੀ ਕਰ ਕੇ ਤਲਾਸ਼ੀ ਮੁਹਿੰਮ ਚਲਾ ਰਹੀ ਹੈ ਅਤੇ ਇਸ ਵਿੱਚ ਤੇਜ਼ੀ ਲਿਆਂਦੀ ਜਾ ਰਹੀ ਹੈ। ਅੱਜ ਤਲਾਸ਼ੀ ਮੁਹਿੰਮ ਦੇ ਚੌਥੇ ਦਿਨ ਕਈ ਸੁਰੱਖਿਆ ਏਜੰਸੀਆਂ ਦੇ ਸ਼ਾਮਲ ਹੋਣ ਨਾਲ ਪੂਰੇ ਖੇਤਰ ਦੀ ਘੇਰਾਬੰਦੀ ਕਰ ਦਿੱਤੀ ਗਈ ਹੈ। ਚੇਤੇ ਰਹੇ ਕਿ ਸਰਹੱਦੀ ਖੇਤਰ ਵਿੱਚ ਤਾਇਨਾਤ ਰਾਸ਼ਟਰੀ ਰਾਈਫਲਜ਼ ਦੇ ਯੂਨਿਟ ਦੇ ਟਰੱਕ 'ਤੇ ਘਾਤ ਲਾ ਕੇ ਹਮਲਾ ਕੀਤਾ ਗਿਆ ਸੀ। ਇਸ ਦਹਿਸ਼ਤੀ ਹਮਲੇ ਵਿੱਚ ਫੌਜ ਦੇ ਪੰਜ ਜਵਾਨ ਸ਼ਹੀਦ ਹੋ ਗਏ ਸਨ, ਜਿਨ੍ਹਾਂ ਵਿੱਚ ਚਾਰ ਪੰਜਾਬ ਨਾਲ ਸਬੰਧਿਤ ਸਨ।




## ਭਾਰਤੀ ਕੁਸ਼ਤੀ ਸੰਘ ਦੇ ਪ੍ਰਧਾਨ ਦੀ ਜਾਚ ਰਿਪੋਰਟ ਦਿੱਲੀ ਪੁਲਿਸ ਨੇ ਮੰਗੀ

**ਦਿੱਲੀ/ ਕਪਰ** ਦਿੱਲੀ ਪੁਲੀਸ ਨੇ ਭਾਰਤੀ ਕੁਸ਼ਤੀ ਸੰਘ (ਡਬਲਯੂਐੱਫਆਈ) ਦੇ ਮੁਖੀ ਬ੍ਰਿਜ ਭੂਸ਼ਣ ਸ਼ਰਨ ਸਿੰਘ 'ਤੇ ਲੱਗੇ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਦੀ ਜਾਂਚ ਲਈ ਖੇਡ ਮੰਤਰਾਲੇ ਵੱਲੋਂ ਗਠਿਤ ਜਾਂਚ ਕਮੇਟੀ ਤੋਂ ਰਿਪੋਰਟ ਮੰਗੀ ਹੈ। ਇੱਕ ਸੀਨੀਅਰ ਅਧਿਕਾਰੀ ਨੇ ਅੱਜ ਕਿਹਾ ਕਿ ਅਜੇ ਤੱਕ ਡਬਲਿਊਐੱਫਆਈ ਪ੍ਰਧਾਨ ਖ਼ਿਲਾਫ਼ ਸੱਤ ਸ਼ਿਕਾਇਤਾਂ ਮਿਲੀਆਂ ਹਨ ਅਤੇ ਉਨ੍ਹਾਂ ਸਾਰਿਆਂ ਦੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੁਖ਼ਤਾ ਸਬੂਤ ਮਿਲਣ ਮਗਰੋਂ ਹੀ ਐੱਫਆਈਆਰ ਦਰਜ ਕੀਤੀ ਜਾਵੇਗੀ।



ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ
ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਬਿਕਰਮਜੀਤ ਸਿੰਘ ਚੀਮਾ ਨੇ ਆਦਮਪੁਰ ਵਿੱਚ ਭਾਜਪਾ ਉਮੀਦਵਾਰ ਇੰਦਰ ਅਟਵਾਲ ਦੇ ਚੋਣ ਦਫ਼ਤਰ ਦਾ ਕੀਤਾ ਉਦਘਾਟਨ





**ਜਲੰਧਰ (ਸਤਿੰਦਰ ਪਾਲ ਸਿੰਘ)** ਭਾਜਪਾ ਗਠਜੋੜ ਦੇ ਉਮੀਦਵਾਰ ਇੰਦਰ ਇਕਬਾਲ ਸਿੰਘ ਅਟਵਾਲ ਦੇ ਹੱਕ ਵਿਚ ਚੋਣ ਮੁਹਿੰਮ ਨੂੰ ਹੋਰ ਤੇਜ਼ ਕਰਨ ਅਤੇ ਵੋਟਰਾਂ ਤੇ ਵਰਕਰਾਂ ਨਾਲ ਜਲਦੀ ਰਾਬਤਾ ਕਾਇਮ ਕਰਨ ਲਈ ਭਾਜਪਾ ਦੇ ਸੂਬਾ ਜਨਰਲ ਸਕੱਤਰ ਬਿਕਰਮਜੀਤ ਸਿੰਘ ਚੀਮਾ ਨੇ ਵਿਧਾਨ ਸਭਾ ਹਲਕਾ ਆਦਮਪੁਰ ਵਿਖੇ ਚੋਣ ਦਫ਼ਤਰ ਦਾ ਉਦਘਾਟਨ ਕੀਤਾ। ਇਸ ਮੌਕੇ ਸੂਬਾ ਜਨਰਲ ਸਕੱਤਰ ਰਾਜੇਸ਼ ਬਾਗਾ, ਡਾ: ਦਲਬੀਰ ਸਿੰਘ ਵੇਰਕਾ, ਮੋਹਨ ਲਾਲ ਬੰਗਾ, ਨਰਿੰਦਰ ਪਾਲ ਸਿੰਘ ਢਿੱਲੋਂ, ਸਮੂਹ ਮੰਡਲ ਪ੍ਰਧਾਨਾਂ ਸਮੇਤ ਸੈਂਕੜੇ ਵਰਕਰ ਵੀ ਹਾਜ਼ਰ ਸਨ ਬਿਕਰਮਜੀਤ ਸਿੰਘ ਚੀਮਾ ਨੇ ਇਸ ਮੌਕੇ ਕਿਹਾ ਕਿ ਇਸ ਸਮੇਂ ਪੰਜਾਬ ਦੇ ਸਿਆਸੀ ਹਾਲਾਤ ਭਾਰਤੀ ਜਨਤਾ ਪਾਰਟੀ ਲਈ ਬਹੁਤ ਅਨੁਕੂਲ ਹਨ ਅਤੇ ਪੰਜਾਬ ਦੇ ਲੋਕ ਭਾਜਪਾ ਨੂੰ ਆਪਣੇ ਅਤੇ ਸੂਬੇ ਦੇ ਭਵਿੱਖ ਵਜੋਂ ਦੇਖ ਰਹੇ ਹਨ। ਆਮ ਆਦਮੀ ਪਾਰਟੀ ਦੀ ਸਰਕਾਰ ਦੇ ਇੱਕ ਸਾਲ ਦੇ ਕਾਰਜਕਾਲ ਦੌਰਾਨ ਜਨਤਾ ਆਪਣੇ ਆਪ ਨੂੰ ਬੁਰੀ ਤਰ੍ਹਾਂ ਠੱਗਿਆ ਹੋਇਆ ਮਹਿਸੂਸ ਕਰ ਰਹੀ ਹੈ, ਕਿਉਂਕਿ ਜਿਸ ਤਰ੍ਹਾਂ ਦੇ ਝੂਠੇ ਵਾਅਦਿਆਂ ਨਾਲ ਆਮ ਆਦਮੀ ਪਾਰਟੀ ਨੇ ਜਨਤਾ ਨੂੰ ਮੂਰਖ ਬਣਾ ਕੇ ਵੋਟਾਂ ਹਾਸਲ ਕੀਤੀਆਂ ਸਨ, ਭਗਵੰਤ ਮਾਨ ਦੀ ਸਰਕਾਰ ਦੇ ਸੱਤਾ ਵਿੱਚ ਆਉਂਦੇ ਹੀ ਉਹ ਸਾਰੇ ਸੁਪਨੇ ਹਵਾ ਹੋ ਗਏ। ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਦੇ ਮੰਤਰੀਆਂ ਅਤੇ ਵਿਧਾਇਕਾਂ ਵੱਲੋਂ ਪੰਚਾਇਤ ਮੈਂਬਰਾਂ ਨੂੰ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਵੋਟਾਂ ਪਾਉਣ ਲਈ ਧਮਕਾਇਆ ਜਾ ਰਿਹਾ ਹੈ। ਸ਼ਾਇਦ ਇਨ੍ਹਾਂ ਲੋਕਾਂ ਨੂੰ ਇਹ ਨਹੀਂ ਪਤਾ ਕਿ ਜਨਤਾ ਬਹੁਤ ਸੂਝਵਾਨ ਹੈ ਅਤੇ ਇਨ੍ਹਾਂ ਦੇ ਝੂਠੇ ਵਾਅਦਿਆਂ 'ਤੇ ਵਿਸ਼ਵਾਸ ਕਰਕੇ ਇਕ ਵਾਰੀ ਧੋਖਾ ਖਾ ਚੁੱਕੀ ਹੈ ਅਤੇ ਮੁੜ ਇਹ ਗਲਤੀ ਨਹੀਂ ਦੁਹਰਾਏਗੀ। ਲੋਕ ਆਪਣੀ ਮਰਜ਼ੀ ਅਨੁਸਾਰ ਵੋਟਾਂ ਪਾਉਂਦੇ ਹਨ। ਇਸ ਵਾਰ ਜਨਤਾ ਭਾਜਪਾ ਗਠਜੋੜ ਦੇ ਉਮੀਦਵਾਰ ਇੰਦਰ ਇਕਬਾਲ ਸਿੰਘ ਅਟਵਾਲ ਨੂੰ ਬਹੁਮਤ ਦੇ ਕੇ ਜੇਤੂ ਬਣਾਏਗੀ ।

# ਗੁਰਦਾਸਪੁਰ ਸ਼ਹਿਰ ਚ ਹੋ ਰਹੀਆਂ ਰੋਜ਼ਾਨਾ ਚੋਰੀ ਦੀਆਂ ਵਾਰਦਾਤਾਂ ਤੋਂ ਲੋਕਾਂ ਚ ਸਹਿਮ



**ਗੁਰਦਾਸਪੁਰ (ਨਵਨੀਤ ਕੁਮਾਰ)** ਸ਼ਹਿਰ ਵਿਚ ਲਗਾਤਾਰ ਹੋ ਰਹੀਆਂ ਚੋਰੀਆਂ ਦੀਆਂ ਵਾਰਦਾਤਾਂ ਨੇ ਪੁਲਿਸ ਕਾਰਜਪ੍ਰਣਾਲੀ ਤੇ ਸਵਾਲੀਆ ਨਿਸ਼ਾਨ ਖੜੇ ਕਰਨੇ ਸ਼ੁਰੂ ਕਰ ਦਿੱਤੇ ਹਨ। ਆਈ ਟੀ ਆਈ ਨੇੜੇ ਸਥਿਤ ਬਾਬੂ ਪ੍ਰਬੋਧ ਚੰਦਰ ਨਗਰ ਵਿੱਚ ਲਗਾਤਾਰ ਚੋਰੀ ਦੀਆਂ ਘਟਨਾਵਾਂ ਹੋਈਆ। ਇਲਾਕਾ ਨਿਵਾਸੀ ਲਗਾਤਾਰ ਥਾਣਾ ਸਿਟੀ ਦੇ ਚੱਕਰ ਲਗਾ ਰਹੇ ਹਨ ਅਤੇ ਦਾਅਵਾ ਕਰ ਰਹੇ ਹਨ ਕਿ ਉਨ੍ਹਾਂ ਵੱਲੋਂ ਚੋਰਾਂ ਦੀ ਪਹਿਚਾਣ ਕਰ ਲਈ ਗਈ ਹੈ ਪਰ ਇਸ ਦੇ ਬਾਵਜੂਦ ਪੁਲਿਸ ਵੱਲੋਂ ਇਨ੍ਹਾਂ ਚੋਰਾਂ ਨੂੰ ਫੜਨ ਦੀ ਕੋਈ ਕੋਸ਼ਿਸ਼ਿ ਨਹੀਂ ਕੀਤੀ ਗਈ ਹੈ। ਹੁਣ ਮੰਡੀ ਗੁਰਦਾਸਪੁਰ ਦੇ ਦੁਕਾਨਦਾਰ ਅਤੇ ਰਿਹਾਇਸ਼ੀ ਇਲਾਕਿਆਂ ਦੇ ਲੋਕ ਵੀ ਲਗਾਤਾਰ ਹੋ ਰਹੀਆਂ ਚੋਰੀਆਂ ਕਾਰਨ ਪਰੇਸ਼ਾਨ ਹੋ ਚੁੱਕੇ ਹਨ। ਕੁਝ ਦਿਨ ਪਹਿਲਾਂ ਚੋਰਾਂ ਨੇ ਲਗਾਤਾਰ ਦੋ ਦਿਨ ਕੁੱਲ ਛੇ ਦੁਕਾਨਾਂ ਨੂੰ ਨਿਸ਼ਾਨਾ ਬਣਾਇਆ ਤੇ ਲੱਖਾਂ ਦੀ ਨਕਦੀ ਅਤੇ ਹੋਰ ਸਾਮਾਨ ਚੋਰੀ ਕਰਕੇ ਲੈ ਗਏ ਅਤੇ ਹੁਣ ਲਗਾਤਾਰ ਦੋ ਦਿਨ ਤੋਂ ਉਹਨਾਂ ਵੱਲੋਂ ਘਰਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਮੁਹੱਲਾ ਨੰਗਲ ਕੋਟਲੀ ਗੁਰਦਾਸਪੁਰ ਸਥਿਤ ਕੰਸ ਰਾਜ ਐਮ ਸੀ ਵਾਲੀ ਗਲੀ ਵਿੱਚ ਦੋ ਦਿਨ ਤੋਂ ਬੰਦ ਪਏ ਇਕ ਮਕਾਨ ਨੂੰ ਚੋਰਾਂ ਵੱਲੋਂ ਬੀਤੀ ਰਾਤ ਨਿਸ਼ਾਨਾ ਬਣਾਇਆ ਗਿਆ ਅਤੇ ਸਵਾ ਲੱਖ ਰੁਪਏ ਦੇ ਕਰੀਬ ਨਕਦੀ ਅਤੇ ਸੱਤ ਤੋਲੇ ਦੇ ਕਰੀਬ ਸੋਨੇ ਦੇ ਗਹਿਣੇ ਚੋਰੀ ਕਰਕੇ ਲੈ ਗਏ। ਇਸ ਮਕਾਨ ਵਿੱਚ ਮਰਹੂਮ ਐਮ ਸੀ ਕੰਸ ਰਾਜ ਦਾ ਪੋਤਾ ਪੰਕਜ ਮਹਾਜਨ ਆਪਣੇ ਪਰਿਵਾਰ ਸਮੇਤ ਰਹਿੰਦਾ ਹੈ। ਉਹ ਪਰਿਵਾਰ ਸਮੇਤ ਸ਼ਨੀਵਾਰ ਤੋਂ ਯੂਪੀ ਆਪਣੇ ਰਿਸ਼ਤੇਦਾਰਾਂ ਕੋਲ ਗਿਆ ਹੋਇਆ ਹੈ। ਸਵੇਰੇ ਗਲੀ ਵਾਲਿਆਂ ਵੱਲੋਂ ਘਰ ਦੇ ਤਾਲੇ ਟੁੱਟੇ ਵੇਖੇ ਗਏ ਤਾਂ ਉਨ੍ਹਾਂ ਨੂੰ ਫੋਨ ਕੀਤਾ ਗਿਆ। ਮੌਕੇ ਤੇ ਉਨ੍ਹਾਂ ਦਾ ਰਿਸ਼ਤੇਦਾਰ ਨਵਨੀਤ ਪਹੁੰਚਿਆ ਤੇ ਅੰਦਰ ਜਾ ਕੇ ਵੇਖਿਆ ਤਾਂ ਅਲਮਾਰੀ ਵੀ ਟੁੱਟੀ ਪਈ ਸੀ। ਫੋਨ ਤੇ ਯੂ ਪੀ ਗਏ ਪਰਿਵਾਰ ਨਾਲ ਗੱਲਬਾਤ ਕੀਤੀ ਤਾਂ ਪਤਾ ਲੱਗਿਆ ਕਿ ਅਲਮਾਰੀ ਵਿੱਚ ਸਵਾ ਲੱਖ ਰੁਪਏ ਦੇ ਕਰੀਬ ਨਕਦੀ ਅਤੇ ਸੱਤ ਤੋਲੇ ਗਹਿਣੇ ਪਏ ਸਨ ਜੋ ਚੋਰ ਕੱਢ ਕੇ ਲੈ ਗਏ ਹਨ। ਉਨ੍ਹਾਂ ਵੱਲੋਂ ਇਸ ਦੀ ਸੂਚਨਾ ਥਾਣਾ ਸਿਟੀ ਨੂੰ ਦਿੱਤੀ ਗਈ ਅਤੇ ਪੁਲਿਸ ਨੇ ਆ ਕੇ ਮੌਕਾ ਵੀ ਵੇਖਿਆ। ਦੂਜੇ ਪਾਸੇ ਮੌਕੇ ਤੇ ਪਹੁੰਚੇ ਉਨ੍ਹਾਂ ਦੇ ਗੁਆਂਢੀ ਸ਼ਿਵਾਲਿਕ ਕਲੱਬ ਦੇ ਪ੍ਰਧਾਨ ਅਤੇ ਸੇਵਾ ਭਾਰਤੀ ਦੇ ਵਿਭਾਗ ਪ੍ਰਮੁੱਖ ਰਕੇਸ਼ ਗੁਪਤਾ ਨੇ ਮੰਗ ਕੀਤੀ ਹੈ ਕਿ ਲਗਾਤਾਰ ਹੋ ਰਹੀਆਂ ਚੋਰੀਆਂ ਦੇ ਮੱਦੇਨਜ਼ਰ ਇਲਾਕੇ ਵਿੱਚ ਪੁਲੀਸ ਦੀ ਗਸ਼ਤ ਵਧਾਈ ਜਾਵੇ ਅਤੇ ਚੋਰੀਆਂ ਦੌਰਾਨ ਸੀਸੀਟੀਵੀ ਫੁਟੇਜ ਵਿਚ ਦਿਖੇ ਚੋਰਾਂ ਦੀ ਪਹਿਚਾਣ ਕੀਤੀ ਜਾਵੇ।

SHAHEED BABA NIHAL SINGH CHARITABLE HOSPITAL
Near Gurudwara Talhan, VPO-Talhan, Distt. Jalandhar, Ph. 0181-2770808
FACILITIES AVAILABLE
Ambulance Service 24hrs.
I.C.C.U. (Intensive Cardiac Care Unit), Indoor Facies Ultrasound Scan, Gyane & Obstetrical Operations, Surgierles, Neonatal ICU (Incubator Phototherapy) Well Equipped Laboratory, Nebulizer for Asthma Patients, Ortho & Spine Surgeon, Special Clinic for Skin & V.D., SIDS & HIV Patients, ECG, Dental Facilites, Eye Operations
Free Medicine for 9am to 5pm

# ਕੈਪਟਨ ਅਮਰਿੰਦਰ ਨੂੰ ਜਲੰਧਰ ਉਪ ਚੋਣ 'ਚ ਭਾਜਪਾ ਦੀ ਜਿੱਤ ਦਾ ਭਰੋਸਾ

## ਕਿਹਾ, ਲੋਕ ਮਜ਼ਬੂਤ ਭਾਰਤ ਦੇ ਨਿਰਮਾਣ ਵਿੱਚ ਪ੍ਰਧਾਨ ਮੰਤਰੀ ਮੋਦੀ ਦੇ ਯੋਗਦਾਨ ਨੂੰ ਸਮਝਦੇ ਹਨ

**ਜਲੰਧਰ (ਸਤਿੰਦਰ ਪਾਲ ਸਿੰਘ)** ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਅਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਕਿਹਾ ਕਿ ਉਨ੍ਹਾਂ ਦੀ ਪਾਰਟੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਦੇ 9 ਸਾਲਾਂ ਦੇ ਸ਼ਾਨਦਾਰ ਪ੍ਰਦਰਸ਼ਨ ਦੇ ਆਧਾਰ 'ਤੇ ਜਲੰਧਰ ਉਪ ਚੋਣ ਲੜ ਰਹੀ ਹੈ। ਅੱਜ ਇੱਥੇ ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ, ਮੀਤ ਪ੍ਰਧਾਨ ਸੁਭਾਸ਼ ਸ਼ਰਮਾ ਅਤੇ ਪਾਰਟੀ ਦੇ ਹੋਰ ਸੀਨੀਅਰ ਆਗੂਆਂ ਨਾਲ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਦੀ ਗਤੀਸ਼ੀਲ ਅਗਵਾਈ ਹੇਠ ਦੇਸ਼ ਦਾ ਕੱਦ ਵਿਸ਼ਵ ਪੱਧਰ 'ਤੇ ਉੱਚਾ ਹੋਇਆ ਹੈ। "ਭਾਰਤ ਨੇ ਸ੍ਰੀ ਮੋਦੀ ਦੀ ਅਗਵਾਈ ਵਿੱਚ ਸਫਲਤਾਪੂਰਵਕ ਕਈ ਘਰੇਲੂ ਅਤੇ ਅੰਤਰਰਾਸ਼ਟਰੀ ਚੁਣੌਤੀਆਂ ਦਾ ਸਾਹਮਣਾ ਕੀਤਾ ਹੈ ਅਤੇ ਲੋਕਾਂ ਨੂੰ ਇਸ ਗੱਲ ਦਾ ਅਹਿਸਾਸ ਹੈ", ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਕੇਂਦਰ ਸਰਕਾਰ ਦੀ ਕਾਰਗੁਜ਼ਾਰੀ ਕਾਰਨ ਭਾਜਪਾ ਮਜ਼ਬੂਤ ਪੈਰ 'ਤੇ ਹੈ। ਉਨ੍ਹਾਂ ਕਿਹਾ ਕਿ ਅਸੀਂ ਕੇਂਦਰ ਦੀ ਭਾਜਪਾ ਸਰਕਾਰ ਦੀ ਕਾਰਗੁਜ਼ਾਰੀ ਦੇ ਆਧਾਰ 'ਤੇ ਲੋਕਾਂ ਤੱਕ ਪਹੁੰਚ ਕਰ ਰਹੇ ਹਾਂ।

ਇਸ ਤੋਂ ਇਲਾਵਾ, ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਚਾਰੇ ਪਾਸੇ ਖਾਸ ਕਰਕੇ ਰੱਖਿਆ ਅਤੇ ਬੁਨਿਆਦੀ ਢਾਂਚੇ ਦੇ ਖੇਤਰ ਵਿੱਚ ਬੇਮਿਸਾਲ ਵਿਕਾਸ ਹੋਇਆ ਹੈ।



ਉਨ੍ਹਾਂ ਕਿਹਾ, ਏ ਕੇ ਐਂਟਨੀ ਦੇ ਰੱਖਿਆ ਮੰਤਰੀ ਦੇ ਕਾਰਜਕਾਲ ਦੌਰਾਨ, ਅਸਲ ਵਿੱਚ ਰੱਖਿਆ ਉਪਕਰਣਾਂ ਦੀ ਕੋਈ ਖਰੀਦ ਨਹੀਂ ਹੋਈ ਸੀ ਅਤੇ ਦੇਸ਼ ਗੋਲਾ ਬਾਰੂਦ ਦੀ ਘਾਟ ਦਾ ਸਾਹਮਣਾ ਕਰ ਰਿਹਾ ਸੀ। ਉਨ੍ਹਾਂ ਕਿਹਾ, ਪੀਐਮ ਮੋਦੀ ਦੇ ਕਾਰਜਕਾਲ ਵਿੱਚ ਦੇਸ਼ ਅਸਲੇ ਦੇ ਮਾਮਲੇ ਵਿੱਚ ਪੂਰੀ ਤਰ੍ਹਾਂ ਨਾਲ ਲੈਸ ਹੋ ਗਿਆ ਹੈ। ਨਹੀਂ ਤਾਂ, ਉਨ੍ਹਾਂ ਕਿਹਾ, ਸਥਿਤੀ ਚੀਨ ਯੁੱਧ ਦੇ ਸਮੇਂ ਵਰਗੀ ਸੀ ਜਦੋਂ ਅਸਲੇ ਦੀ ਭਾਰੀ ਘਾਟ ਸੀ। ਅੰਮ੍ਰਿਤਪਾਲ ਸਿੰਘ ਦੀ ਗ੍ਰਿਫ਼ਤਾਰੀ ਬਾਰੇ ਪੁੱਛੇ ਸਵਾਲ ਦੇ ਜਵਾਬ ਵਿੱਚ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਇਹ ਬਹੁਤ ਦੇਰ ਨਾਲ ਕੀਤਾ ਹੈ ਅਤੇ ਉਸ ਨੂੰ ਬਹੁਤ ਪਹਿਲਾਂ ਗ੍ਰਿਫ਼ਤਾਰ ਕਰ ਲੈਣਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਕਿਸੇ ਨੂੰ ਵੀ ਦੇਸ਼ ਦੀ ਸ਼ਾਂਤੀ ਅਤੇ ਸਦਭਾਵਨਾ ਨਾਲ ਖਿਲਵਾੜ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ ਕਿਉਂਕਿ ਦੇਸ਼ ਵਿਰੋਧੀ ਗਤੀਵਿਧੀਆਂ ਨੂੰ ਬਰਦਾ-ਸ਼ਤ ਨਹੀਂ ਕੀਤਾ ਜਾ ਸਕਦਾ। ਸਾਬਕਾ ਮੁੱਖ ਮੰਤਰੀ ਨੇ ਉਨ੍ਹਾਂ ਸੁਝਾਵਾਂ ਨੂੰ ਖਾਰਜ ਕਰ ਦਿੱਤਾ ਕਿ ਕਿਸੇ ਵਿਸ਼ੇਸ਼ ਭਾਈਚਾਰੇ ਨੂੰ ਬਦਨਾਮ ਕੀਤਾ ਜਾ ਰਿਹਾ ਹੈ ਜਾਂ ਪੀੜਤ ਕੀਤਾ ਜਾ ਰਿਹਾ ਹੈ। “ਅੰਮ੍ਰਿਤਪਾਲ ਨਾ ਤਾਂ ਕੋਈ ਨੇਤਾ ਹੈ ਅਤੇ ਨਾ ਹੀ ਕਿਸੇ ਭਾਈਚਾਰੇ ਦਾ ਨੁਮਾਇੰਦਾ”, ਉਸਨੇ ਸਪੱਸ਼ਟ ਤੌਰ 'ਤੇ ਸਪੱਸ਼ਟ ਕੀਤਾ ਕਿ ਅਸੀਂ ਇੱਕ ਧਰਮ ਨਿਰਪੱਖ ਲੋਕਤੰਤਰ ਵਿੱਚ ਰਹਿ ਰਹੇ ਹਾਂ ਜਿੱਥੇ ਹਰ ਕੋਈ ਬਰਾਬਰ ਹੈ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਭ੍ਰਿਸ਼ਟਾਚਾਰ ਨੂੰ ਹਮੇਸ਼ਾ ਜ਼ੀਰੋ ਟੋਲਰੈਂਸ ਦਿਖਾਇਆ ਹੈ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਦਾ ਮਤਲਬ ਸਿਆਸੀ ਜਾਦੂਗਰੀ ਅਤੇ ਬਦਲਾਖੋਰੀ ਦਾ ਸਹਾਰਾ ਲੈਣਾ ਨਹੀਂ ਹੋਣਾ ਚਾਹੀਦਾ। ਉਨ੍ਹਾਂ ਕਿਹਾ ਕਿ ਜਾਂਚ ਤੋਂ ਬਾਅਦ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ ਨਾ ਕਿ ਸਿਰਫ ਇਸ ਲਈ ਕਿ ਕੋਈ ਵਿਅਕਤੀ ਸਿਆਸੀ ਤੌਰ 'ਤੇ ਤੁਹਾਡਾ ਵਿਰੋਧ ਕਰ ਰਿਹਾ ਹੈ ਅਤੇ ਤੁਹਾਨੂੰ ਉਸ ਨਾਲ ਕੁਝ ਨਿਪਟਾਉਣਾ ਹੈ। ਉੱਤਰ ਪ੍ਰਦੇਸ਼ ਦੇ ਗੈਂਗਸਟਰ ਮੁਖਤਾਰ ਅੰਸਾਰੀ ਦੇ ਮੁੱਦੇ 'ਤੇ, ਸਾਬਕਾ ਮੁੱਖ ਮੰਤਰੀ ਨੇ ਕਿਹਾ, ਉਸ ਨੂੰ ਕਾਨੂੰਨ ਦੀ ਬਣਦੀ ਪ੍ਰਕਿਰਿਆ ਦੇ ਤਹਿਤ ਗ੍ਰਿਫਤਾਰ ਕਰਕੇ ਜੇਲ੍ਹ ਵਿੱਚ ਨਜ਼ਰਬੰਦ ਕੀਤਾ ਗਿਆ ਸੀ, ਕਿਉਂਕਿ ਉਸ ਵਿਰੁੱਧ ਪੰਜਾਬ ਵਿੱਚ ਇੱਕ ਅਪਰਾਧਿਕ ਸ਼ਕਿ-ਾਇਤ ਦਰਜ ਸੀ।

# ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਚਿਲਡਰਨ ਹੋਮ ਗੁਰਦਾਸਪੁਰ ਦਾ ਦੌਰਾ

## ਚਿਲਡਰਨ ਹੋਮ ਵਿਖੇ ਰਹਿ ਰਹੇ ਬੱਚਿਆਂ ਨੂੰ ਘਰ ਵਰਗਾ ਮਾਹੌਲ ਦੇਣ ਲਈ ਜ਼ਿਲ੍ਹਾ ਪ੍ਰਸ਼ਾਸਨ ਵਚਨਬੱਧ – ਡਿਪਟੀ ਕਮਿਸ਼ਨਰ

**ਗੁਰਦਾਸਪੁਰ (ਨਵਨੀਤ ਕੁਮਾਰ)** ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਅੱਜ ਸ਼ਾਮ ਚਿਲਡਰਨ ਹੋਮ (ਲੜਕੇ) ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਸਹਾਇਕ ਕਮਿਸ਼ਨਰ (ਜ) ਸ੍ਰੀ ਸਚਿਨ ਪਾਠਕ, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਮੈਡਮ ਸੁਮਨਦੀਪ ਕੌਰ, ਸਿਵਲ ਸਰਜਨ ਡਾ. ਹਰਭਜਨ ਰਾਮ, ਚਿਲਡਰਨ ਹੋਮ ਦੀ ਸੰਚਾਲਕ ਮੈਡਮ ਸੰਦੀਪ ਕੌਰ, ਐੱਸ.ਡੀ.ਓ. ਲਵਜੀਤ ਸਿੰਘ, ਡੀ.ਐੱਸ.ਪੀ. ਮੰਗਲ ਸਿੰਘ, ਜ਼ਿਲ੍ਹਾ ਰੈੱਡ ਕਰਾਸ ਦੇ ਸੈਕਟਰੀ ਸ੍ਰੀ ਰਾਜੀਵ ਸਿੰਘ ਤੋਂ ਇਲਾਵਾ ਹੋਰ ਅਧਿਕਾਰੀ ਤੇ ਚਿਲਡਰਨ ਹੋਮ ਕਮੇਟੀ ਦੇ ਮੈਂਬਰ ਵੀ ਮੌਜੂਦ ਸਨ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਆਪਣੇ ਦੌਰੇ ਦੌਰਾਨ ਚਿਲਡਰਨ ਹੋਮ ਦੇ ਪ੍ਰਬੰਧਾਂ ਦਾ ਜਾਇਜਾ ਲਿਆ ਗਿਆ ਅਤੇ ਨਾਲ ਹੀ ਬੱਚਿਆਂ ਦੇ ਕਮਰਿਆਂ, ਰਸੋਈ, ਸਟੱਡੀ ਰੂਮ, ਕਾਮਨ ਰੂਮ ਆਦਿ ਦਾ ਨਿਰੀਖਣ ਕੀਤਾ ਗਿਆ। ਇਸ ਮੌਕੇ ਉਨ੍ਹਾਂ ਚਿਲਡਰਨ ਹੋਮ ਵਿਖੇ ਰਹਿ ਰਹੇ 13 ਸਹਿਵਾਸੀ ਬੱਚਿਆਂ ਨਾਲ ਗੱਲਬਾਤ ਕਰਕੇ ਉਨ੍ਹਾਂ ਕੋਲੋਂ ਫੀਡਬੈਕ ਲਈ। ਇਸ ਉਪਰੰਤ ਡਿਪਟੀ ਕਮਿਸ਼ਨਰ ਵੱਲੋਂ ਅਧਿਕਾਰੀਆਂ ਦੇ ਨਾਲ ਚਿਲਡਰਨ ਹੋਮ ਦੇ ਪ੍ਰਬੰਧਾਂ ਸਬੰਧੀ ਮੀਟਿੰਗ ਕੀਤੀ ਗਈ। ਉਨ੍ਹਾਂ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਚਿਲਡਰਨ ਹੋਮ ਦੀ ਮੁਰੰਮਤ ਅਤੇ ਸਿਵਲ ਵਰਕ ਦੇ ਜੋ ਵੀ ਬਕਾਇਆ ਕੰਮ ਹਨ ਉਨ੍ਹਾਂ ਨੂੰ ਜਲਦ ਮੁਕੰਮਲ ਕੀਤਾ ਜਾਵੇ। ਉਨ੍ਹਾਂ ਸਿਹਤ ਵਿਭਾਗ ਨੂੰ ਹਦਾਇਤ ਕੀਤੀ ਕਿ ਬੱਚਿਆਂ ਦਾ ਰੈਗੂਲਰ ਮੈਡੀਕਲ ਚੈੱਕਅਪ ਕੀਤਾ ਜਾਵੇ। ਇਸਦੇ ਨਾਲ ਹੀ ਉਨ੍ਹਾਂ ਜਲ ਸਪਲਾਈ ਵਿਭਾਗ ਦੇ




ਅਧਿਕਾਰੀਆਂ ਨੂੰ ਕਿਹਾ ਕਿ ਹਰ 15 ਦਿਨਾਂ ਬਾਅਦ ਚਿਲਡਰਨ ਹੋਮ ਦੇ ਪਾਣੀ ਦੀ ਟੈਸਟਿੰਗ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਸਕੂਲ ਤੋਂ ਬਾਅਦ ਚਿਲਡਰਨ ਹੋਮ ਵਿਖੇ ਵੀ ਪੜ੍ਹਾਇਆ ਜਾਵੇ ਅਤੇ ਬੱਚਿਆਂ ਦੀ ਕਰੀਅਰ ਕਾਊਂਸਲਿੰਗ ਵੀ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਹੈਰੀਟੇਜ ਸੁਸਾਇਟੀ ਵੱਲੋਂ ਬੱਚਿਆਂ ਨੂੰ ਵਿਰਾਸਤ-ਏ-ਖ਼ਾਲਸਾ ਅਤੇ ਹੋਰ ਧਾਰਮਿਕ ਅਤੇ ਇਤਿਹਾਸਕ ਅਸਥਾਨਾਂ ਦੇ ਦਰਸ਼ਨ ਕਰਵਾਉਣ ਲਈ ਵਿਸ਼ੇਸ਼ ਟੂਰ ਪ੍ਰੋਗਰਾਮ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਚਿਲਡਰਨ ਹੋਮ ਵਿਖੇ ਰਹਿ ਰਹੇ ਬੱਚਿਆਂ ਨੂੰ ਘਰ ਵਰਗਾ ਮਾਹੌਲ ਦੇਣ ਲਈ ਜ਼ਿਲ੍ਹਾ ਪ੍ਰਸ਼ਾਸਨ ਵਚਨਬੱਧ ਹੈ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਚਿਲਡਰਨ ਹੋਮ ਦੇ ਸਹਿਵਾਸੀ ਬੱਚਿਆਂ ਨੂੰ ਕਿਹਾ ਕਿ ਉਹ ਆਪਣੀ ਪੜ੍ਹਾਈ ਵੱਲ ਪੂਰਾ ਧਿਆਨ ਦੇਣ ਕਿਉਂਕਿ ਉਨ੍ਹਾਂ ਦੀ ਹੁਣ ਕੀਤੀ ਮਿਹਨਤ ਸਾਰੀ ਉਮਰ ਉਨ੍ਹਾਂ ਦੇ ਕੰਮ ਆਵੇਗੀ।

DIPS INSTITUTIONS
DIPS IMT
DIPS INSTITUTE OF MANAGEMENT & TECHNOLOGY
RAMNEEK AVENUE, PATHANKOT BYE PASS
JALANDHAR CITY
www.dipsimt@gmail.com ( dipsimt@gmail.com )
CONTACT : 95010-00697, 97806-00998

# ਜ਼ਿਲ੍ਹਾ ਤੇ ਸੈਸ਼ਨ ਜੱਜ ਵੱਲੋਂ ਕੇਂਦਰੀ ਜੇਲ ਅਤੇ ਚਿਲਡਰਨ ਹੋਮ ਗੁਰਦਾਸਪੁਰ ਦਾ ਦੌਰਾ



**ਗੁਰਦਾਸਪੁਰ (ਨਵਨੀਤ ਕੁਮਾਰ )** ਸ੍ਰੀ ਰਜਿੰਦਰ ਅਗਰਵਾਲ, ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਵੱਲੋਂ ਕੇਂਦਰੀ ਜੇਲ, ਗੁਰਦਾਸਪੁਰ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਮੈਡਮ ਨਵਦੀਪ ਕੌਰ ਗਿੱਲ, ਸਿਵਲ ਜੱਜ (ਸੀਨੀਅਰ ਡਵੀਜ਼ਨ)/ਸੀ.ਜੇ.ਐਮ.-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਅਤੇ ਸੁਪਰਡੈਂਟ ਜੇਲ, ਸ੍ਰੀ ਨਵਇੰਦਰ ਸਿੰਘ ਵੀ ਮੌਜੂਦ ਸਨ। ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਵੱਲੋਂ ਕੇਂਦਰੀ ਜੇਲ ਦੇ ਦੌਰੇ ਦੌਰਾਨ ਕੈਦੀਆਂ ਅਤੇ ਹਵਾਲਾਤੀਆਂ ਨੂੰ ਮਿਲਿਆ ਗਿਆ ਅਤੇ ਉਹਨਾਂ ਦੀਆਂ ਮੁਸ਼ਕਿਲਾਂ ਨੂੰ ਸੁਣਿਆ। ਇਸ ਤੋਂ ਇਲਾਵਾ ਉਨ੍ਹਾਂ ਨੇ ਜੇਲ ਦੀਆਂ ਬੈਰਕਾਂ ਅਤੇ ਜੇਲ ਅੰਦਰ ਲੰਗਰ ਹਾਲ ਦਾ ਵੀ ਨਿਰੀਖਣ ਕੀਤਾ। ਇਸ ਮੌਕੇ ਉਹਨਾਂ ਦੁਆਰਾ ਕੈਦੀਆਂ ਅਤੇ ਹਵਾਲਾਤੀਆਂ ਨਾਲ ਗੱਲਬਾਤ ਕੀਤੀ ਗਈ ਅਤੇ ਉਹਨਾਂ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਅਤੇ ਲੀਗਲ ਏਡ ਬਾਰੇ ਜਾਗਰੁਕ ਕਰਵਾਇਆ। ਜੇਲ ਵਿੱਚ ਸਾਰੇ ਪ੍ਰਬੰਧ ਠੀਕ ਪਾਏ ਗਏ। ਇਸ ਉਪਰੰਤ ਸ੍ਰੀ ਰਜਿੰਦਰ ਅਗਰਵਾਲ, ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਅਤੇ ਮੈਡਮ ਨਵਦੀਪ ਕੌਰ ਗਿੱਲ, ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਵੱਲੋਂ ਚਿਲਡਰਨ ਹੋਮ, ਗੁਰਦਾਸਪੁਰ ਦਾ ਦੌਰਾ ਵੀ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਤੇ ਸੈਸ਼ਨ ਜੱਜ ਸ੍ਰੀ ਰਜਿੰਦਰ ਅਗਰਵਾਲ ਵੱਲੋਂ ਚਿਲਡਰਨ ਹੋਮ ਗੁਰਦਾਸਪੁਰ ਦੇ ਹਰ ਇੱਕ ਕਮਰੇ ਦਾ ਨਿਰੀਖਣ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਤੇ ਸੈਸ਼ਨ ਜੱਜ ਨੇ ਬੱਚਿਆਂ ਨਾਲ ਗੱਲਬਾਤ ਕੀਤੀ ਅਤੇ ਚਿਲਡਰਨ ਹੋਮ ਦੇ ਪ੍ਰਬੰਧਾਂ ਬਾਰੇ ਉਨ੍ਹਾਂ ਕੋਲੋਂ ਫੀਡਬੈਕ ਲਈ ਅਤੇ ਸਾਰੇ ਹੀ ਬੱਚਿਆਂ ਨੇ ਚਿਲਡਰਨ ਹੋਮ ਵਿੱਚ ਦਿੱਤੀਆਂ ਜਾ ਰਹੀਆਂ ਸਹੂਲਤਾਂ ਉੱਪਰ ਤਸੱਲੀ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਬੱਚਿਆਂ ਨੂੰ ਵੱਧ ਤੋਂ ਵੱਧ ਪੜ੍ਹਾਈ ਕਰਨ ਅਤੇ ਆਪਸ ਵਿੱਚ ਮਿਲ-ਜੁਲ ਕੇ ਰਹਿਣ ਲਈ ਕਿਹਾ। ਇਸ ਮੌਕੇ ਚਿਲਡਰਨ ਹੋਮ, ਗੁਰਦਾਸਪੁਰ ਦਾ ਸਟਾਫ ਵੀ ਮੌਜੂਦ ਸੀ।

# ਐਸ ਐਸ ਪੀ ਮੋਹਾਲੀ ਦਾ ਕੀਤਾ ਜਾਵੇਗਾ ਘਿਰਾਓ: ਬਲਵਿੰਦਰ ਸਿੰਘ ਕੁੰਭੜਾ



**ਮੋਹਾਲੀ (ਰੀਤਿਸ਼ ਕੁਮਾਰ)** ਅੱਜ ਮਿਤੀ 24-4-2023 ਨੂੰ ਬਲਵਿੰਦਰ ਸਿੰਘ ਕੁੰਭੜਾ ਪ੍ਰਧਾਨ ਅੱਤਿਆਚਾਰ ਤੇ ਭ੍ਰਿਸ਼ਟਾਚਾਰ ਵਿਰੋਧੀ ਫਰੰਟ ਦੀ ਅਗਵਾਈ ਵਿੱਚ ਵਿਸ਼ੇਸ਼ ਮੀਟਿੰਗ ਹੋਈ ਜਿਸ ਵਿੱਚ ਮੋਹਾਲੀ ਪੁਲਿਸ ਤੇ ਪੰਜਾਬ ਪੁਲਿਸ ਦੀਆਂ ਵਧੀਕੀਆਂ ਤੋਂ ਪੀੜਤ ਪਰਿਵਾਰਾਂ ਨੇ ਆਪਣੇ ਆਪਣੇ ਦੁੱਖੜੇ ਸੁਣਾਏ ਤੇ ਕਿਹਾ ਪਿਛਲੇ ਲੰਮੇ ਸਮੇਂ ਤੋਂ ਪੁਲਿਸ ਪੀੜਤਾਂ ਦੀ ਬਾਂਹ ਫੜਨ ਨੂੰ ਤਿਆਰ ਹੀ ਨਹੀਂ ਹੈ ਜ਼ਿਆਦਾ-ਤਰ ਪੀੜਤ ਪਰਿਵਾਰ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਹਨ ਤੇ ਪੁਲਿਸ ਪੀੜਤਾਂ ਤੋਂ ਹੀ ਰਿਸ਼ਵਤ ਲੈ ਕੇ ਵੀ ਸਾਲਾਂ ਪ੍ਰਤੀ ਗੇੜੇ ਮਾਰਨ ਨੂੰ ਮਜਬੂਰ ਕਰਦੀ ਹੈ ਤੇ ਕਈ ਕੇਸਾਂ ਵਿੱਚ ਤਾਂ ਪੁਲਿਸ ਝੂਠੇ ਪਰਚੇ ਕਰਕੇ ਤੰਗ ਪ੍ਰੇਸ਼ਾਨ ਕਰਨਾ ਤੇ ਅਨੇਕਾਂ ਕੇਸਾਂ ਵਿੱਚ ਦੋਸ਼ੀਆ ਖਿਲਾਫ ਦਰਖਾਸਤਾਂ ਦੇ ਦੇ ਕੇ ਵੀ ਸਾਲਾਂ ਬਾਅਦ ਪਰਚਾ ਕਰਨਾ ਉਪਰੰਤ ਰਿਸ਼ਵਤ ਲੈ ਕੇ ਦੋਸ਼ੀਆਂ ਨੂੰ ਪੁਲਿਸ ਗ੍ਰਿਫਤਾਰ ਨਹੀਂ ਕਰਦੀ ਇਸ ਮੌਕੇ ਕੁੰਭੜਾ ਨੇ ਕਿਹਾ ਕਿ ਪੰਜਾਬ ਪੁਲਿਸ ਐਸ ਸੀ ਕਮਿਸ਼ਨ ਦੇ ਹੁਕਮਾਂ ਨੂੰ ਵੀ ਟਿੱਚ ਜਾਣਦੀ ਹੈ ਤੇ ਡੀ ਜੀ ਪੀ ਪੰਜਾਬ ਤੇ ਐਸ ਐਸ ਪੀ ਮੋਹਾਲੀ ਕੌਮੀ ਕਮਿਸ਼ਨ ਦੇ ਹੁਕਮਾਂ ਨੂੰ ਵੀ ਮੰਨਣ ਲਈ ਤਿਆਰ ਨਹੀਂ ਹੈ ਜਿਸ ਕਰਕੇ ਸਾਰੇ ਪੀੜਤ ਪਰਿਵਾਰ ਰਿਸ਼ਵਤਾਂ ਦੇ ਸਬੂਤ ਤੇ ਦਰਖਾਸਤਾਂ ਲੈ ਕੇ ਐਸ ਐਸ ਪੀ ਮੋਹਾਲੀ ਦਾ ਮਿਤੀ 9 ਮਈ ਮੰਗਲਵਾਰ ਨੂੰ ਸਵੇਰੇ 11ਵਜ਼ੇ ਘਿਰਾਓ ਕਰਨਗੇ ਤੇ ਪੰਜਾਬ ਸਰਕਾਰ ਦੀਆਂ ਝੂਠੀਆਂ ਗਰੰਟੀਆਂ ਤੇ ਵਾਅਦਿਆਂ ਦੀ ਪੋਲ ਖੋਲਣਗੇ ਇਸ ਮੌਕੇ ਸਵਿੰ-ਦਰ ਸਿੰਘ ਲੱਖੋਵਾਲ ਸਮਾਜ ਭਲਾਈ ਫਰੰਟ ਪੰਜਾਬ, ਅਵਤਾਰ ਸਿੰਘ ਮੱਕੜਿਆਂ, ਗੁਰਮੁਖ ਸਿੰਘ ਢੋਲਣ ਮਾਜਰਾ, ਬਲਵੀਰ ਸਿੰਘ, ਕਰਨੈਲ ਸਿੰਘ,ਹਰਜਨ ਸਿੰਘ, ਗੁਰਪ੍ਰੀਤ ਸਿੰਘ ਜੋਗੀ, ਸੁਖਦੇਵ ਸਿੰਘ, ਜਗਦੀਪ ਸਿੰਘ, ਅਜੈਬ ਸਿੰਘ ਬਾਕਰਪੁਰ ਤੇ ਬਲਵਿੰਦਰ ਸਿੰਘ ਮਾਣਕਪੁਰ ਕੱਲਰ ਹਾਜ਼ਰ ਸਨ।

# ਵਧੀਕ ਡਿਪਟੀ ਕਮਿਸ਼ਨਰ ਵੱਲੋਂ ਆਯੁਸ਼ਮਾਨ ਭਾਰਤ ਸਰਬੱਤ ਸਿਹਤ ਬੀਮਾ ਯੋਜਨਾ ਤਹਿਤ ਹਰ ਯੋਗ ਲਾਭਪਾਤਰੀ ਦਾ ਬੀਮਾ ਕਾਰਡ ਬਣਾਉਣ ਦੀਆਂ ਹਦਾਇਤਾਂ ਜਾਰੀ

## ਆਯੂਸ਼ਮਾਨ ਭਾਰਤ ਸਰਬੱਤ ਸਿਹਤ ਬੀਮਾ ਯੋਜਨਾ ਤਹਿਤ ਮੁਫ਼ਤ ਇਲਾਜ ਕਰਵਾਉਣ ਲਈ ਜ਼ਿਲ੍ਹਾ ਗੁਰਦਾਸਪੁਰ ਦੇ 37 ਸਰਕਾਰੀ ਤੇ ਨਿੱਜੀ ਹਸਪਤਾਲ ਸੂਚੀਬੱਧ



**ਗੁਰਦਾਸਪੁਰ (ਨਵਨੀਤ ਕੁਮਾਰ)** ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਨਿਧੀ ਕੁਮੁਦ ਬਾਮਬਾ ਨੇ ਜੇ-ਫਾਰਮ ਹੋਲਡਰ ਕਿਸਾਨਾਂ, ਰਜਿਸਟਰਡ ਉਸਾਰੀ ਕਿਰਤੀਆਂ, ਰਾਸ਼ਨ ਕਾਰਡ ਯੋਜਨਾ ਦੇ ਸਮਾਰਟ ਕਾਰਡ ਹੋਲਡਰ ਵਿਅਕਤੀਆਂ, ਰਜਿਸਟਰਡ ਛੋਟੇ ਵਪਾਰੀਆਂ ਅਤੇ ਯੈਲੋ/ਐਕਰੀਡੇਸ਼ਨ ਕਾਰਡ ਧਾਰਕ ਪੱਤਰਕਾਰਾਂ ਨੂੰ ਅਪੀਲ ਕੀਤੀ ਹੈ ਕਿ ਜਿਨ੍ਹਾਂ ਨੇ ਅਜੇ ਤੱਕ ਆਯੂਸ਼ਮਾਨ ਭਾਰਤ ਸਰਬੱਤ ਸਿਹਤ ਬੀਮਾ ਯੋਜਨਾ ਤਹਿਤ ਅਤੇ ਆਪਣੇ ਕਾਰਡ ਨਹੀਂ ਬਣਾਏ ਉਹ ਤੁਰੰਤ ਆਪਣੇ ਕਾਰਡ ਬਣਵਾ ਲੈਣ ਤਾਂ ਜੋ ਲੋੜ ਪੈਣ 'ਤੇ ਉਹ ਸਿਹਤ ਬੀਮਾ ਯੋਜਨਾ ਦਾ ਲਾਭ ਲੈ ਸਕਣ। ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਨਿਧੀ ਕੁਮੁਦ ਬਾਮਬਾ ਨੇ ਅੱਜ ਆਪਣੇ ਦਫ਼ਤਰ ਵਿਖੇ ਆਯੂਸ਼ਮਾਨ ਭਾਰਤ ਸਿਹਤ ਬੀਮਾਂ ਯੋਜਨਾ ਅਧੀਨ ਬਣੇ ਕਾਰਡਾਂ ਸਬੰਧੀ ਰੀਵਿਊ ਮੀਟਿੰਗ ਕਰਦਿਆਂ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਯੋਗ ਲਾਭਪਾਤਰੀਆਂ ਦੇ 100 ਫੀਸਦੀ ਬੀਮਾ ਕਾਰਡ ਬਣਾਏ ਜਾਣ। ਉਨ੍ਹਾਂ ਕਿਹਾ ਕਿ ਆਯੂਸ਼ਮਾਨ ਭਾਰਤ ਸਰਬੱਤ ਸਿਹਤ ਬੀਮਾ ਯੋਜਨਾ ਤਹਿਤ ਜੇ-ਫਾਰਮ ਹੋਲਡਰ ਕਿਸਾਨਾਂ, ਰਜਿਸਟਰਡ ਉਸਾਰੀ ਕਿਰਤੀਆਂ, ਰਾਸ਼ਨ ਕਾਰਡ ਯੋਜਨਾ ਦੇ ਸਮਾਰਟ ਕਾਰਡ ਹੋਲਡਰ ਵਿਅਕਤੀਆਂ, ਰਜਿਸਟਰਡ ਛੋਟੇ ਵਪਾਰੀਆਂ ਅਤੇ ਯੈਲੋ ਕਾਰਡ ਤੇ ਐਕਰੀਡੇਸ਼ਨ ਕਾਰਡ ਧਾਰਕ ਪੱਤਰਕਾਰਾਂ ਨੂੰ ਕਵਰ ਕੀਤਾ ਜਾਂਦਾ ਹੈ ਅਤੇ ਇਨ੍ਹਾਂ ਪਰਿਵਾਰਾਂ ਨੂੰ 5 ਲੱਖ ਰੁਪਏ ਸਲਾਨਾ ਮੁਫ਼ਤ ਇਲਾਜ ਦੀ ਸਹੂਲਤ ਸੂਚੀਬੱਧ ਸਰਕਾਰੀ ਤੇ ਨਿੱਜੀ ਹਸਪਤਾਲਾਂ ਵਿੱਚ ਦਿੱਤੀ ਜਾਂਦੀ ਹੈ। ਡਾ. ਨਿਧੀ ਕੁਮੁਦ ਬਾਮਬਾ ਨੇ ਦੱਸਿਆ ਕਿ ਆਯੂਸ਼ਮਾਨ ਭਾਰਤ ਸਿਹਤ ਬੀਮਾਂ ਯੋਜਨਾ ਤਹਿਤ ਜ਼ਿਲ੍ਹਾ ਗੁਰਦਾਸਪੁਰ ਵਿੱਚ ਕੁੱਲ 37 ਸਰਕਾਰੀ ਤੇ ਨਿੱਜੀ ਹਸਪਤਾਲ ਸੂਚੀਬੱਧ ਕੀਤੇ ਗਏ ਹਨ। ਉਨ੍ਹਾਂ ਸਮੂਹ ਯੋਗ ਲਾਭਪਾਤਰੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਸਰਬੱਤ ਸਿਹਤ ਬੀਮਾ ਯੋਜਨਾ ਦੇ ਕਾਰਡ ਜ਼ਰੂਰ ਬਣਾਉਣ। ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ. ਮਨਮੋਹਨ ਸਿੰਘ, ਮੁੱਖ ਖੇਤੀਬਾੜੀ ਅਫ਼ਸਰ ਡਾ. ਕ੍ਰਿਪਾਲ ਸਿੰਘ ਢਿਲੋਂ, ਸਿਹਤ ਵਿਭਾਗ ਅਤੇ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ।

# ਪ੍ਰਵਾਸੀ ਮਜਦੂਰ ਦੀ ਸਕੂਟਰੀ ਤੋ ਸੜਕ ਪਾਰ ਕਰਦੇ ਹੋਈ ਮੌਤ:ਥਾਣਾ ਮੁੱਖੀ

**ਸਹੀਦ ਭਗਤ ਸਿੰਘ ਨਗਰ (ਲੋਕ ਬਾਣੀ)** ਇਹ ਮੁਕੱਦਮਾ ਬਰ ਬਿਆਨ ਅਜਾਨੇ ਜਸਵੰਤ ਸਿੰਘ ਪੱਤਰ ਦਰਸ਼ਣ ਸਿੰਘ ਵਾਸੀ ਸੱਧਾ ਮਾਜਰਾ ਥਾਣਾ ਕਾਠਗੜ੍ਹ ਜ਼ਿਲ੍ਹਾ ਸਹੀਦ ਭਗਤ ਸਿੰਘ ਨਗਰ ਵਲੋ ਦਰਜ ਰਜਿਸ਼ਟਰ ਕਰਵਾਇਆ ਗਿਆਂ ਹੈ ।ਜਸਵੰਤ ਸਿੰਘ ਖੇਤੀਬਾੜੀ ਕਰਦਾ ਹਾਂ ਜਿਸ ਪਾਸ 25 ਸਾਲ ਤੋਂ ਰਾਮਾਇਣ ਪ੍ਰਸ਼ਾਦ ਵਾਸੀ ਚੌਰਾਇਆ ਤਹਿਸੀਲ ਪਦਰੌਣਾ ਜ਼ਿਲ੍ਹਾ ਖੁਸ਼ੀਨਗਰ, ਉੱਤਰ ਪ੍ਰਦੇਸ਼ ਹਾਲ ਵਾਸੀ ਪਿੰਡ ਸੱਧਾ ਮਾਜਰਾ ਥਾਣਾ ਕਾਠਗੜ੍ਹ ਉਮਰ ਕ੍ਰੀਬ 47 ਸਾਲ ਆਪਣੇ ਪਰਿਵਾਰ ਪਤਨੀ ਦ੍ਰੋਪਤੀ ਅਤੇ ਬੱਚਿਆ ਸਮੇਤ ਸਾਡੇ ਘਰ ਕਿਰਾਏ ਤੇ ਰਹਿੰਦਾ ਸੀ ਤੇ ਮਿਹਨਤ ਮਜ਼ਦੂਰੀ ਦਾ ਕੰਮ ਕਰਦਾ ਸੀ।ਜਿਸ ਦਾ ਕੱਲ ਮਿਤੀ 22-04-2023 ਨੂੰ ਲਗਭਗ ਰਾਤ 08:30 ਵਜੇ ਲੋਹਟ ਤੋ ਬੱਸ ਸਟਾਪ ਵੱਲ ਨੂੰ ਸੜਕ ਪਾਰ ਕਰਦੇ ਕਾਠਗੜ ਸਾਈਡ ਤੋ ਆ ਰਹੀ ਤੇਜ ਰਫਤਾਰ ਸਕੂਟਰੀ ਨਾਲ ਐਕਸੀਡੈਂਟ ਹੋ ਗਿਆ ।ਸਕੂਟਰੀ ਦਾ ਨੰਬਰ -12-5087 ਪੜਿਆ ਗਿਆ।ਜਿਸ ਨੂੰ ਐਬੂਲੈਂਸ ਦੀ ਮੱਦਦ ਨਾਲ ਸਿਵਲ ਹਸਪਤਾਲ ਬਲਾਚੋਰ ਲਿਆਦਾ ।ਜਿਥੇ ਰਾਮਾਇਣ ਪ੍ਰਸ਼ਾਦ ਉਕਤ ਦੀ ਜੇਰੇ ਇਲਾਜ ਮੌਤ ਹੋ ਗਈ ।ਜਿਸ ਤੇ ਸ਼ੀ ਗੁਰਿੰਦਰ ਸਿੰਘ ਵਲੋ ਮੁਕੱਦਮਾ ਦਰਜ ਰਜਿਸ਼ਟਰ ਕਰਕੇ ਮੁਢਲੀ ਤਫਤੀਸ਼ ਅਮਲ ਵਿੱਚ ਲਿਆਦੀ ।ਦੋਸ਼ੀ ਦੀ ਤਲਾਸ਼ ਜਾਰੀ ਹੈ ।

# ਸਿਹਤ ਵਿਭਾਗ ਵਲੋਂ ਪਿੰਡ ਮੰਗਲੀ ਨੀਚੀ 'ਚ ਅਣਅਧਿਕਾਰਿਤ ਸਕੈਨ ਸੈਂਟਰ ਦਾ ਪਰਦਾਫਾਸ਼

**● ਪੋਰਟੇਬਲ ਅਲਟਰਾਸਾਊਡ ਮਸ਼ੀਨ ਸਮੇਤ ਦੋ ਔਰਤਾਂ ਤੇ ਇੱਕ ਵਿਅਕਤੀ ਕਾਬੂ ● ਮਰੀਜ਼ ਰਾਹੀਂ ਦਿੱਤੀ ਗਈ 32 ਹਜ਼ਾਰ ਰੁਪਏ ਦੀ ਨਗਦੀ ਵੀ ਹੋਈ ਬ੍ਰਾਮਦ**

**ਲੁਧਿਆਣਾ (ਸੁਖਚੈਨ ਮਹਿਰਾ)** ਸਿਵਲ ਸਰਜਨ ਲੁਧਿਆਣਾ ਡਾ. ਹਿਤਿੰਦਰ ਕੌਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ ਹਰਪ੍ਰੀਤ ਸਿੰਘ ਦੀ ਅਗਵਾਈ ਹੇਠ ਗਠਿਤ ਕੀਤੀ ਗਈ ਟੀਮ ਵਲੋਂ ਗੁਪਤ ਸੂਚਨਾ ਦੇ ਅਧਾਰ 'ਤੇ ਪਿੰਡ ਮੰਗਲੀ ਨੀਚੀ ਵਿੱਚ ਛਾਪਾ ਮਾਰ ਕੇ ਅਣਅਧਿਕਾਰਤ ਚੱਲ ਰਹੇ ਅਲਟਰਾ ਸਾਊਂਡ ਸੈਂਟਰ ਦਾ ਪਰਦਾਫਾਸ ਕੀਤਾ ਗਿਆ . ਇਸ ਸਬੰਧੀ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ. ਹਿਤਿੰਦਰ ਕੌਰ ਨੇ ਦੱਸਿਆ ਕਿ ਪਿੰਡ ਮੰਗਲੀ ਨੀਚੀ ਵਿਖੇ ਇੱਕ ਅਣਅਧਿਕਾਰਤ ਸੈਂਟਰ ਚੱਲ ਰਿਹਾ ਸੀ ਜਿੱਥੇ ਟੀਮ ਵਲੋਂ ਘਰ ਵਿੱਚ



ਛਾਪਾ ਮਾਰ ਕੇ ਮੌਕੇ 'ਤੇ ਅਣਰਜਿ-ਜਸਟਰ ਪੋਰਟੇਬਲ ਅਲਟਰਾ ਸਾਊਂਡ ਮਸ਼ੀਨ ਬਰਾਮਦ ਕੀਤੀ ਗਈ . ਉਨਾਂ ਦੱਸਿਆ ਕਿ ਸਿਹਤ ਵਿਭਾਗ ਵਲੋਂ ਇੱਕ ਡਿਕਾਏ ਮਰੀਜ਼ ਰਾਹੀ 32 ਹਜ਼ਾਰ ਰੁਪਏ ਵਿਚ ਸੌਦਾ ਤਹਿ ਕੀਤਾ ਗਿਆ ਸੀ ਅਤੇ ਟੀਮ ਵਲੋਂ ਛਾਪੇ ਮਾਰੀ ਦੌਰਾਨ ਮੌਕੇ ਤੋਂ 30 ਹਜਾਰ ਰੁਪਏ ਦੀ ਨਗਦੀ ਵੀ ਬ੍ਰਾਮਦ ਕੀਤੀ ਗਈ ਜੋ ਕਿ ਵਿਭਾਗ ਵਲੋਂ ਮਾਰਕ ਕੀਤੇ ਨੋਟਾਂ ਨਾਲ ਮੇਲ ਖਾ ਗਈ । ਉਨਾਂ ਅੱਗੇ ਦੱਸਿਆ ਕਿ ਇਸ ਗੋਰਖਧੰਦੇ ਨੂੰ ਇੱਕ ਵਿਅਕਤੀ ਅਤੇ ਦੋ ਔਰਤਾਂ ਵਲੋਂ ਚਲਾਇਆ ਜਾਂ ਰਿਹਾ ਸੀ . ਥਾਣਾ ਫੋਕਲ ਪੁਆਇੰਟ ਦੀ ਪੁਲਿਸ ਵਲੋਂ ਮੌਕੇ 'ਤੇ ਇੱਕ ਵਿਅਕਤੀ ਅਤੇ ਦੋ ਔਰਤਾਂ ਨੂੰ ਗ੍ਰਿਫਤਾਰ ਕਰ ਲਿਆ ਹੈ . ਉਨਾਂ ਕਿਹਾ ਕਿ ਜ਼ਿਲ੍ਹੇ ਭਰ ਵਿਚ ਚੱਲ ਰਹੇ ਅਲਟਰਾਸਾਊਡ ਸੈਂਟਰਾਂ ਦਾ ਕੋਈ ਮਾਲਕ ਸਿਹਤ ਵਿਭਾਗ ਦੀਆਂ ਹਦਾਇਤਾਂ ਦੀ ਉਲੰਘਣਾ ਕਰਦਾ ਪਾਇਆ ਗਿਆ ਤਾਂ ਉਸ ਖਿਲਾਫ ਵੀ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਕੌਮੀ ਘੱਟ ਗਿਣਤੀ ਕਮਿਸ਼ਨ ਨੇ ਪੰਜਾਬ ਦੇ ਮੋਰਿੰਡਾ ’ਚ ਬੇਅਦਬੀ ਦੀ ਘਟਨਾ ਦਾ ਸਖ਼ਤ ਨੋਟਿਸ ਲਿਆ

## ਅਰੁਣਾਚਲ ਪ੍ਰਦੇਸ਼ ਦੇ ਮੇਚੂਕਾ ਵਿੱਚ ਗੁਰਦੁਆਰਾ ਸਾਹਿਬ ਨੂੰ ਬੁੱਧ ਮੰਦਰ ਵਿੱਚ ਤਬਦੀਲ ਕਰਨ ਸਬੰਧੀ ਪ੍ਰਦੇਸ਼ ਦੇ ਮੁੱਖ ਸਕੱਤਰ ਤੋਂ ਵਿਸਤਰਿਤ ਰਿਪੋਰਟ ਮੰਗੀ : ਇਕਬਾਲ ਸਿੰਘ ਲਾਲਪੁਰਾ

**ਨਵੀਂ ਦਿੱਲੀ ( ਕਪੂਰ )** ਕੌਮੀ ਘਟ ਗਿਣਤੀ ਕਮਿਸ਼ਨ, ਭਾਰਤ ਸਰਕਾਰ ਨੇ ਪੰਜਾਬ ਦੇ ਮੋਰਿੰਡਾ ਵਿੱਚ ਇੱਕ ਵਿਅਕਤੀ ਵੱਲੋਂ ਗੁਰ-ਦੁਆਰਾ ਸਾਹਿਬ ਵਿੱਚ ਦਾਖਲ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਅਤੇ ਅਖੰਡ ਪਾਠ ਕਰ ਰਹੇ ਗ੍ਰੰਥੀਆਂ ਦੀ ਕੁੱਟਮਾਰ ਕਰਨ ਦੀ ਘਟਨਾ ਦਾ ਸਖ਼ਤ ਨੋਟਿਸ ਲਿਆ ਹੈ।

ਐਨਸੀਐਮ ਦੇ ਚੇਅਰਮੈਨ ਸ: ਇਕਬਾਲ ਸਿੰਘ ਲਾਲਪੁਰਾ ਨੇ ਕਿਹਾ ਕਿ ਇਸ ਮਾਮਲੇ ਵਿੱਚ ਪਛਾਣ ਹੋ ਚੁੱਕੀ ਅਪਰਾਧੀ ਦੀ ’ਤੇ ਸਖ਼ਤ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੇ ਫ਼ਿਰਕੂ ਹਿੰਸਾ ਦਾ ਲੰਬਾ ਇਤਿਹਾਸ ਦੇਖਿਆ ਹੈ। ਬੇਅਦਬੀ ਦੀਆਂ ਘਟਨਾਵਾਂ ਨੂੰ ਟਾਲਿਆ ਜਾ ਸਕਦਾ ਸੀ ਜੇਕਰ ਅਪਰਾਧੀਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ ਹੁੰਦੀਆਂ ਅਤੇ ਇਨ੍ਹਾਂ ਸਾਰੇ ਮਾਮਲਿਆਂ ਦੀ ਨਿਰਪੱਖ ਜਾਂਚ ਕੀਤੀ ਜਾਂਦੀ।

ਐਨਸੀਐਮ ਐਕਟ, 1992 ਦੇ ਤਹਿਤ ਗਠਿਤ ਰਾਸ਼ਟਰੀ ਘੱਟ ਗਿਣਤੀ ਕਮਿਸ਼ਨ (ਐਨਸੀਐਮ) ਨੇ ਪੰਜਾਬ ਦੇ ਮੁੱਖ ਸਕੱਤਰ ਨੂੰ ਇੱਕ ਪੱਤਰ ਲਿਖ ਕੇ ਪਿਛਲੇ 45 ਸਾਲਾਂ ਵਿੱਚ ਪੰਜਾਬ ਵਿੱਚ ਬੇਅਦਬੀ ਦੇ ਸਾਰੇ ਮਾਮਲਿਆਂ ਦੀ ਸੂਚੀ ਮੰਗੀ ਹੈ। ਐਨ ਸੀ ਐਮ ਨੇ ਜਨਤਾ ਨੂੰ ਸ਼ਾਂਤੀ ਅਤੇ ਫ਼ਿਰਕੂ ਸਦਭਾਵਨਾ ਬਣਾਈ ਰੱਖਣ ਦੀ ਬੇਨਤੀ ਕੀਤੀ ਹੈ। ਕਮਿਸ਼ਨ ਇਸ ਗਲ ’ਤੇ ਚਿੰਤਤ ਹੈ ਕਿ ਅਜਿਹਾ ਵਾਰ-ਵਾਰ ਕਿਉਂ ਹੋ ਰਿਹਾ ਹੈ ਅਤੇ ਇਸ ਦੀ ਰੋਕਥਾਮ



ਕਿਉਂ ਨਹੀਂ ਕੀਤੀ ਜਾ ਰਹੀ। ਭਾਰਤ ਸਰਕਾਰ ਵੱਲੋਂ ਕਮਿਸ਼ਨ ਨੂੰ ਹੋਰ ਗੱਲਾਂ ਦੇ ਨਾਲ-ਨਾਲ ਘੱਟ ਗਿਣਤੀ ਭਾਈਚਾਰਿਆਂ ਦੇ ਹਿੱਤਾਂ ਦੀ ਰਾਖੀ ਕਰਨ ਦੀ ਜ਼ੰਮੇਵਾਰੀ ਸੌਂਪੀ ਗਈ ਹੈ। ਇਸ ਤੋਂ ਇਲਾਵਾ, ਕਮਿਸ਼ਨ ਦੀ ਭੂਮਿਕਾ ਘੱਟ-ਗਿਣਤੀ ਭਾਈਚਾਰਿਆਂ ਦੇ ਮੈਂਬਰਾਂ ਵਿੱਚ ਵਿਸ਼ਵਾਸ ਪੈਦਾ ਕਰਨ ਦੇ ਉਪਾਅ ਕਰਨ ਦੀ ਵੀ ਹੈ। ਇਸ ਤੋਂ ਇਲਾਵਾ ਕਮਿਸ਼ਨ ਨੇ ਅਰੁਣਾਚਲ ਪ੍ਰਦੇਸ਼ ਦੇ ਮੇਚੂਕਾ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਿਤ ਇਤਿਹਾਸਕ ਅਸਥਾਨ ਨੂੰ ਬੁੱਧ ਮੰਦਰ ਵਿੱਚ ਤਬਦੀਲ ਕਰਨ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਜਿੰਦਰ ਸਿੰਘ ਧਾਮੀ ਤੋਂ ਪ੍ਰਾਪਤ ਪੱਤਰ ਨੂੰ ਗੰਭੀਰਤਾ ਨਾਲ ਲਿਆ ਹੈ। ਅਜਿਹੀਆਂ ਘਟਨਾਵਾਂ ਨਾਲ ਸਿੱਖ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਅਤੇ ਉਨ੍ਹਾਂ ਵਿੱਚ ਵਿਤਕਰੇ ਦੀ ਭਾਵਨਾ ਪੈਦਾ ਹੋਣ ਕਾਰਨ ਕਮਿਸ਼ਨ ਨੇ ਅੱਜ ਮਿਤੀ 24.4.2023 ਨੂੰ ਮੁੱਖ ਸਕੱਤਰ, ਅਰੁਣਾਚਲ ਪ੍ਰਦੇਸ਼ ਨੂੰ ਪੱਤਰ ਭੇਜ ਕੇ ਕਮਿਸ਼ਨ ਦੇ ਵਿਚਾਰ ਲਈ ਇਸ ਮਾਮਲੇ ਦੀ ਵਿਸਤਰਿਤ ਰਿਪੋਰਟ ਮੰਗੀ ਹੈ।

# ਨਜਾਇਜ਼ ਮਾਈਨਿੰਗ ਤਹਿਤ ਮਾਮਲਾ ਦਰਜ

**ਸਹੀਦ ਭਗਤ ਸਿੰਘ ਨਗਰ (ਲੋਕ ਬਾਣੀ)** ਇਹ ਮੁਕੱਦਮਾ ਦਰਖਾਸਤ ਨੰਬਰ 1-2/ਸ਼ਪਲ ਮਿਤੀ 23-04-2023 ਵਲੋ ਕਰਨਬੀਰ ਸਿੰਘ JE km ਮਾਇੰਨਿੰਗ ਇੰਸਪੈਕਟਰ ਡਰੇਨੇਜ ਸਬ ਡਵੀਜਨ ਨਵਾਸ਼ਹਿਰ ਬਰ ਖਿਲਾਫ ਨਾ ਮਾਲੂਮ ਟਰੈਕਟਰ ਚਾਲਕ (ਟਰੈਕਟਰ ਦਾ ਚੈਸੀ ਨੰਬਰ BBGZ NNMO 2025 ਅਤੇ ਇੰਜਣ ਨੰਬਰ HNM2T BE 01722 0172, ਸਮੇਤ ਰੇਤ ਦੀ ਟਰਾਲੀ ਨਜਾਇਜ ਮਾਈਨਿੰਗ ਕਰਨ ਸਬੰਧੀ ਮੋਸੂਲ ਹੋਣ ਤੇ ਪਰਮਜੀਤ ਸਿੰਘ ਨੰਬਰ ਨੇ ਮੁਕੱਦਮਾ ਦਰਜ ਰਜਿਸਟਰ ਕਰਕੇ ਮੁਢਲੀ ਤਫਤੀਸ ਅਮਲ ਵਿੱਚ ਲਿਆਦੀ ਗਈ।ਮੁਕੱਦਮਾ ਦੇ ਦੋਸ਼ੀ ਦੀ ਭਾਲ ਜਾਰੀ ਹੈ।ਮੁਕੱਦਮਾ ਜੇਰੇ ਤਫਤੀਸ਼ ਹੈ।

# ਜ਼ਿਲ੍ਹਾ ਪ੍ਰਸਾਸ਼ਨ ਨੇ ਠੇਕੇ ਦੇ ਰੱਖੇ ਮਾਲ ਪਟਵਾਰੀ ਦੀਆਂ ਸੇਵਾਵਾਂ ਖਤਮ ਕੀਤੀਆਂ

**ਸਹੀਦ ਭਗਤ ਸਿੰਘ ਨਗਰ (ਲੋਕ ਬਾਣੀ)** ਭ੍ਰਿਸ਼ਟਾਚਾਰ ਪ੍ਰਤੀ ਪੰਜਾਬ ਸਰਕਾਰ ਦੀ ਜ਼ੀਰੋ ਸਹਿਣਸ਼ਕਤੀ ਨੀਤੀ ਦੀ ਪਾਲਣਾ ਕਰਦਿਆਂ ਸ਼ਹੀਦ ਭਗਤ ਸਿੰਘ ਨਗਰ ਜ਼ਿ੍ਲਾ ਪ੍ਰਸ਼ਾਸਨ ਨੇ ਸੋਮਵਾਰ ਨੂੰ ਬੰਗਾ ਸਬ ਡਵੀਜ਼ਨ ਵਿੱਚ ਤਾਇਨਾਤ ਇੱਕ ਠੇਕੇ ਤੇ ਰੱਖੇ ਮਾਲ ਪਟਵਾਰੀ ਦੀਆਂ ਸੇਵਾਵਾਂ ਤੁਰੰਤ ਪ੍ਰਭਾਵ ਨਾਲ ਖਤਮ ਕਰ ਦਿੱਤੀਆਂ ਹਨ।ਇਸ ਸਬੰਧੀ ਜਾਣਕਾਰੀ ਦਿੰਦਿਆਂ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਰਾਜੀਵ ਵਰਮਾ ਨੇ ਦੱਸਿਆ ਕਿ ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਜਿਸ ਵਿੱਚ ਬੰਗਾ ਸਬ ਡਵੀਜ਼ਨ ਦੇ ਖੋਥੜਾਂ ਮਾਲ ਸਰਕਲ ਵਿਖੇ ਤਾਇਨਾਤ ਪਟਵਾਰੀ ਅਮਰਜੀਤ ਸਿੰਘ ਇੱਕ ਔਰਤ ਪਾਸੋਂ ਕੁਝ ਪੈਸੇ ਲੈ ਰਿਹਾ ਨਜ਼ਰ ਆ ਰਿਹਾ ਹੈ, ਵਾਇਰਲ ਹੋਣ ਤੋਂ ਤੁਰੰਤ ਬਾਅਦ ਕਾਰਵਾਈ ਕਰਦੇ ਹੋਏ ਸਬੰਧਤ ਸੇਵਾਮੁਕਤ ਪਟਵਾਰੀ ਦੀਆਂ ਸੇਵਾਵਾਂ ਨੂੰ ਤੁਰੰਤ ਖਤਮ ਕਰ ਦਿੱਤਾ ਗਿਆ। ਇਹ ਸੇਵਾ ਸਮਾਪਤੀ ਨਿਯੁਕਤੀ ਪੱਤਰ ਚ ਦਰਜ ਸ਼ਰਤ ਨੰ. 6, ਤਹਿਤ ਅਮਲ ਵਿੱਚ ਲਿਆਂਦੀ ਗਈ ਹੈ। ਉਨ੍ਹਾਂ ਕਿਹਾ ਕਿ ਭ੍ਰਿਸ਼ਟਾਚਾਰ ਵਿਰੁੱਧ ਪੰਜਾਬ ਸਰਕਾਰ ਦੀ ਜ਼ੀਰੋ ਟਾਲਰੈਂਸ ਨੀਤੀ ਤਹਿਤ ਜ਼ਿ੍ਲਾ ਪ੍ਰਸ਼ਾਸਨ ਨੇ ਤੁਰੰਤ ਹਰਕਤ ਵਿੱਚ ਆਉਂਦਿਆਂ ਉਸ ਦੀ ਬਰਖਾਸਤਗੀ ਦੇ ਹੁਕਮ ਜਾਰੀ ਕੀਤੇ ਹਨ। ਉਕਤ ਪਟਵਾਰੀ ਨੂੰ ਪਿਛਲੇ ਸਾਲ 6 ਜੁਲਾਈ, 2022 ਨੂੰ ਸੇਵਾਮੁਕਤੀ ਬਾਅਦ ਠੇਕੇ ਤੇ ਮੁੜ ਨਿਯੁਕਤ ਕੀਤਾ ਗਿਆ ਸੀ ਅਤੇ 7 ਜੁਲਾਈ 2022 ਨੂੰ ਇਸ ਮਾਲ ਸਰਕਲ ਵਿੱਚ ਡਿਊਟੀ 'ਤੇ ਤਾਇਨਾਤ ਕੀਤਾ ਗਿਆ ਸੀ।ਵਧੀਕ ਡਿਪਟੀ ਕਮਿਸ਼ਨਰ ਵਰਮਾ ਨੇ ਅੱਗੇ ਦੱਸਿਆ ਕਿ ਉਪ ਮੰਡਲ ਮੈਜਿਸਟਰੇਟ ਬੰਗਾ ਨੂੰ ਤੱਥਾਂ ਦੀ ਪੜਤਾਲ ਕਰਨ ਅਤੇ ਅਗਲੀ ਕਾਰਵਾਈ ਕਰਨ ਦਾ ਜ਼ਿੰਮਾ ਸੌਂਪਿਆ ਗਿਆ ਹੈ। ਉਨ੍ਹਾਂ ਕਿਹਾ ਕਿ ਐਸ ਡੀ ਐਮ ਨੂੰ ਦੋ ਹਫ਼ਤਿਆਂ ਵਿੱਚ ਜਾਂਚ ਰਿਪੋਰਟ ਸੌਂਪਣ ਲਈ ਕਿਹਾ ਗਿਆ ਹੈ।



# ਆਈਪੀਐਲ : ਮਾਈ11 ਸਰਕਲ ਦੀ ਨਵੀਂ ਮੁਹਿੰਮ ਲਾਂਚ

**ਚੰਡੀਗੜ੍ਹ (ਲੋਕ ਬਾਣੀ)** ਮਲਟੀ-ਗੇਮਿੰਗ ਪਲੇਟਫਾਰਮ , ਮਾਈ11 ਸਰਕਲ ਇੱਕ ਦਿਲਚਸਪ ਨਵੀਂ ਮੁਹਿੰਮ ਦੇ ਨਾਲ ਇਸ ਆਈਪੀਐਲ ਸੀਜ਼ਨ ਵਿੱਚ ਰੋਮਾਂਚ ਵਧਾਉਣ ਲਈ ਤਿਆਰ ਹੈ। ਫੈਨਟੇਸੀ ਕ੍ਰਿਕਟ ਪਲੇਟਫਾਰਮ ਅਤੇ ਆਈਪੀਐਲ ਫਰੈਂਚਾਇਜ਼ੀ ਲਖਨਊ ਸੁਪਰ ਜਾਇੰਟਸ ਦੇ ਅਧਿਕਾਰਤ ਟਾਈਟਲ ਸਪਾਂਸਰ ਨੇ ਆਗਾਮੀ ਕ੍ਰਿਕਟ ਸੀਜ਼ਨ ਲਈ ਇੱਕ ਦਿਲਚਸਪ ਫੈਨ ਮੁਹਿੰਮ ਲਾਈਨ-ਅੱਪ ਦਾ ਉਦਘਾਟਨ ਕੀਤਾ ਹੈ। 'ਬੜੇ ਸੇ ਵੱਡਾ', 'ਲਾਕਰ ਰੂਮ ਸਟੋਰੀਜ਼' ਅਤੇ




'ਆਊਟ ਆਫ ਦਿ ਪਾਰਕ' ਵਰਗੀਆਂ ਮੁਹਿੰਮਾਂ ਦੇ ਨਾਲ ਮਾਈ11ਸਰਕਲ ਦਾ ਉਦੇਸ਼ ਇਸ ਸੀਜ਼ਨ ਦੌਰਾਨ ਪ੍ਰਸ਼ੰਸਕਾਂ ਨੂੰ ਵਿਲੱਖਣ ਅਤੇ ਰੋਮਾਂਚਕ ਅਨੁਭਵ ਪ੍ਰਦਾਨ ਕਰਨਾ ਹੈ। ਮਾਈ11ਸਰਕਲ ਦੇ ਸੀਨੀਅਰ ਵਾਈਸ ਪ੍ਰੈਜ਼ੀਡੈਂਟ ਸਰੋਜ ਪਾਨੀਗ੍ਰਹੀ ਨੇ ਕਿਹਾ, “ਮਾਈ11 ਸਰਕਲ ਵਿਖੇ, ਅਸੀਂ ਹਮੇਸ਼ਾ ਆਪਣੇ ਉਪਭੋਗਤਾਵਾਂ ਨੂੰ ਕੇਂਦਰ ਵਿੱਚ ਰੱਖਿਆ ਹੈ। ਸਾਡੀਆਂ ਮੁਹਿੰਮਾਂ ਉਪਭੋਗਤਾਵਾਂ ਤੋਂ ਪ੍ਰਾਪਤ ਫੀਡਬੈਕ 'ਤੇ ਅਧਾਰਤ ਹਨ ਅਤੇ ਇਸ ਲਈ ਉਨ੍ਹਾਂ ਨੂੰ ਪਿਆਰ ਕੀਤਾ ਜਾਂਦਾ ਹੈ। ਅਸੀਂ ਆਪਣੀ ਨਵੀਂ ਮੁਹਿੰਮ ਬਾਰੇ ਵੀ ਆਸ਼ਾਵਾਦੀ ਹਾਂ ਜੋ ਸਾਡੇ ਖਿਡਾਰੀਆਂ ਨੂੰ ਉਤਸ਼ਾਹਿਤ ਕਰੇਗੀ ਅਤੇ ਪਲੇਟਫਾਰਮ 'ਤੇ ਉਨ੍ਹਾਂ ਦੀ ਸ਼ਮੂਲੀਅਤ ਵਧਾਏਗੀ।

# ਲੁਧਿਆਣਾ ਦੀਆਂ ਅਨਾਜ ਮੰਡੀਆਂ 'ਚ 5 ਲੱਖ ਮੀਟਰਿਕ ਟਨ ਤੋਂ ਵੱਧ ਕਣਕ ਦੀ ਆਮਦ, ਜ਼ਿਲੇ ਦੇ ਕਿਸਾਨਾਂ ਨੂੰ 818 ਕਰੋੜ ਰੁਪਏ ਦੀ ਕੀਤੀ ਅਦਾਇਗੀ

- ਡਿਪਟੀ ਕਮਿਸ਼ਨਰ ਵਲੋਂ ਅਧਿਕਾਰੀਆਂ ਨੂੰ ਕਣਕ ਦੀ ਖਰੀਦ ਅਤੇ ਲਿਫਟਿੰਗ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼
- ਨਿਰਵਿਘਨ ਖਰੀਦ ਨੂੰ ਯਕੀਨੀ ਬਣਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਵਚਨਬੱਧ – ਡਿਪਟੀ ਕਮਿਸ਼ਨਰ ਸੁਰਭੀ ਮਲਿਕ

**ਲੁਧਿਆਣਾ (ਸੁਖਚੈਨ ਮਹਿਰਾ,ਵਰਿੰਦਰ ਪ੍ਰਕਾਸ਼ ਭਾਂਬਰੀ)** - ਡਿਪਟੀ ਕਮਿਸ਼ਨਰ ਲੁਧਿਆਣਾ ਸ੍ਰੀਮਤੀ ਸੁਰਭੀ ਮਲਿਕ ਵਲੋਂ ਉਪ ਮੰਡਲ ਮੈਜਿਸਟਰੇਟਾਂ (ਐਸ.ਡੀ.ਐਮਜ਼) ਅਤੇ ਖਰੀਦ ਏਜੰਸੀਆਂ ਦੇ ਮੁਖੀਆਂ ਨੂੰ ਲੁਧਿਆਣਾ ਦੀਆਂ ਅਨਾਜ ਮੰਡੀਆਂ ਵਿੱਚੋਂ ਕਣਕ ਦੀ ਖਰੀਦ ਅਤੇ ਲਿਫਟਿੰਗ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਸਹੂਲਤ ਲਈ ਉਨ੍ਹਾਂ ਦੀ ਉਪਜ ਦੀ ਜਲਦ ਤੋਂ ਜਲਦ ਖਰੀਦ ਅਤੇ ਲਿਫਟਿੰਗ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਕਣਕ ਦੀ ਨਿਰਵਿਘਨ ਖਰੀਦ ਲਈ ਵਚਨਬੱਧ ਹੈ ਅਤੇ ਅਧਿਕਾਰੀ ਸਰਕਾਰ ਦੇ ਫੈਸਲੇ ਨੂੰ ਲਾਗੂ ਕਰਨ ਲਈ ਹਰ ਸੰਭਵ ਯਤਨ ਕਰਨ ਲਈ ਵਚਨਬੱਧ ਹਨ। ਡਿਪਟੀ ਕਮਿਸ਼ਨਰ ਵਲੋਂ ਅਧਿਕਾਰੀਆਂ ਨੂੰ ਜ਼ਮੀਨੀ ਪੱਧਰ 'ਤੇ ਸਮੁੱਚੇ ਕਾਰਜ਼ਾਂ ਦਾ ਜਾਇਜ਼ਾ ਲੈਣ ਲਈ ਵੱਧ ਤੋਂ ਵੱਧ ਫੀਲਡ ਦੌਰੇ ਕਰਨ ਲਈ ਵੀ ਕਿਹਾ। ਉਨ੍ਹਾਂ ਕਿਹਾ ਕਿ ਅਧਿਕਾਰੀਆਂ ਨੂੰ ਆਪਣੇ ਅਧਿਕਾਰ ਖੇਤਰ ਅਧੀਨ ਆਉਂਦੀਆਂ ਅਨਾਜ ਮੰਡੀਆਂ ਦਾ ਨਿਯਮਤ ਦੌਰਾ ਕਰਨਾ ਚਾਹੀਦਾ ਹੈ ਅਤੇ ਨਿਯਮਤ ਨਿਗਰਾਨੀ ਲਈ ਰੋਜ਼ਾਨਾ ਰਿਪੋਰਟ ਉਨ੍ਹਾਂ ਨੂੰ ਸੌਂਪਣੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੀਆਂ ਅਨਾਜ ਮੰਡੀਆਂ ਵਿੱਚ



500920 ਮੀਟਰਕ ਟਨ ਕਣਕ ਦੀ ਆਮਦ ਹੋਈ ਹੈ ਜਿਸ ਵਿੱਚੋਂ 491012 ਮੀਟਰਿਕ ਟਨ ਦੀ ਖਰੀਦ ਏਜੰਸੀਆਂ ਵੱਲੋਂ ਵੀ ਕੀਤੀ ਜਾ ਚੁੱਕੀ ਹੈ। ਲਗਭਗ 63 ਪ੍ਰਤੀਸ਼ਤ ਉਤਪਾਦ ਦੀ ਲਿਫਟਿੰਗ ਵੀ ਕੀਤੀ ਜਾ ਚੁੱਕੀ ਹੈ ਅਤੇ ਲੁਧਿਆਣਾ ਦੇ ਕਿਸਾਨਾਂ ਨੂੰ 818 ਕਰੋੜ ਰੁਪਏ ਦੀ ਅਦਾਇਗੀ ਕੀਤੀ ਗਈ ਹੈ। ਸ੍ਰੀਮਤੀ ਮਲਿਕ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਦਾਣਾ ਮੰਡੀਆਂ ਵਿੱਚੋਂ ਕਣਕ ਦੀ ਨਿਰਵਿਘਨ ਖਰੀਦ, ਸਮੇਂ ਸਿਰ ਲਿਫਟਿੰਗ ਨੂੰ ਯਕੀਨੀ ਬਣਾਉਣ ਲਈ ਪੁਖਤਾ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਇਸ ਡਿਊਟੀ ਨੂੰ ਨਿਭਾਉਣ ਵਿੱਚ ਕਿਸੇ ਵੀ ਤਰ੍ਹਾਂ ਦੀ ਢਿੱਲ-ਮੱਠ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

# ਪਲੱਕਸ਼ਾ ਯੂਨੀਵਰਸਿਟੀ ਨੇ ਜੇਫ੍ਰੀਸ ਫਿਨਹਬ ਲਾਂਚ ਕੀਤਾ

- ਜੇਫ੍ਰੀਸ ਦੇ ਨਾਲ ਸਾਂਝੇਦਾਰੀ ਵਿੱਚ ਇੱਕ ਅਨੁਭਵਿਕ ਸਿਖਲਾਈ ਕੇਂਦਰ
- ਇਹ ਕੇਂਦਰ ਫਾਨਾਂਸ਼ੀਅਲ ਡਾਟਾ ਐਨਾਲਿਟਿਕਸ ਅਤੇ ਟ੍ਰੇਡਿੰਗ ਸਿਮੂਲੇਸ਼ਨ ਟੂਲ ਵਿਕਸਿਤ ਕਰਨ ’ਤੇ ਕੇਂਦਰਿਤ ਹੋਵੇਗਾ

ਮੋਹਾਲੀ (ਰੀਤਿਸ਼ ਕੁਮਾਰ ) ਤਕਨਾਲੌਜੀ ਦੇ ਅਤਿ-ਆਧੁਨਿਕ ਵਿੱਚ ਭਾਰਤ ਵਿੱਚ ਤਕਨਾਲੌਜੀ ਸਿੱਖਿਆ ਅਤੇ ਖੋਜ ਵਿੱਚ ਨਵੀਂ ਕਲਪਨਾ ਕਰ ਰਹੀ ਨਵੇਂ ਜਮਾਨੇ ਦੀ ਇੱਕ ਯੂਨੀਵਰਸਿਟੀ, ਪਲੱਕਸ਼ਾ ਯੂਨੀਵਰਸਿਟੀ ਨੇ ਜੇਫ੍ਰੀਸ ਦੇ ਨਾਲ ਸਾਂਝੇਦਾਰੀ ਵਿੱਚ ਇੱਕ ਅਨੁਭਵਿਕ ਸਿਖਲਾਈ ਕੇਂਦਰ ਜੇਫ੍ਰੀਸ ਫਿਨਹਬ ਨੂੰ ਲਾਂਚ ਕਰਨ ਦਾ ਐਲਾਨ ਕੀਤਾ ਹੈ।ਜੇਫ੍ਰੀਸ ਇੱਕ ਪ੍ਰਮੁੱਖ ਗਲੋਬਲ ਪੂਰਨ-ਸੇਵਾ ਨਿਵੇਸ਼ ਬੈਂਕਿੰਗ ਅਤੇ ਪੂੰਜੀ ਬਾਜ਼ਾਰ ਕੰਪਨੀ ਹੈ ਅਤੇ ਪਲੱਕਸ਼ਾ ਦੀ ਕਾਰਪੋਰੇਟ ਦਾਨ ਦੇਣ ਵਾਲੀ ਸੰਸਥਾ ਹੈ।ਇਹ ਕੇਂਦਰ ਫਾਨਾਂਸ਼ੀਅਲ ਡਾਟਾ ਐਨਾਲਿਟਿਕਿਸ ਅਤੇ ਟ੍ਰੇਡਿੰਗ ਸਿਮੂਲੇਸ਼ਨ ਟੂਲ ਵਿੱਚ ਮੁਹਾਰਤ ਵਿਕਸਿਤ ਕਰਨ ’ਤੇ ਕੇਂਦ੍ਰਿਤ ਹੈ। ਇਸਦਾ ਮਕਸਦ ਵਪਾਰ ਦੇ ਸਿੰਥੈਟਿਕ ਵਾਤਾਵਰਣ ਦੇ ਜਰੀਏ ਅਸਲੀ ਦੁਨੀਆਂ ਦਾ ਅਨੁਭਵ ਦੇਣਾ ਹੈ। ਇਹ ਕੇਂਦਰ ਕੈਪਸਟੋਨ, ਗੈਸਟ ਸੈਸ਼ਨਾਂ ਅਤੇ ਇੰਟਰਨਸ਼ਿਪ ਰਾਹੀਂ ਵਿਦਿਆਰਥੀਆਂ ਦੀ ਅਨੁਭਵਿਕ ਸਿਖਲਾਈ ਨੂੰ ਉਤਸ਼ਾਹਿਤ



ਕਰੇਗਾ।ਜੇਫ੍ਰੀਸ ਫਿਨਹਬ ਇੱਕ ਰਿਫਿਨਿਟਿਵ ਲਰਨਿੰਗ ਸਪੇਸ ਹੈ ਜਿੱਥੇ ਵਿਦਿਆਰਥੀ ਰਿਫਿਨਿਟਿਵ (ਲੰਡਨ ਸਟਾਕ ਐਕਸਚੇਂਜ ਦਾ ਇੱਕ ਸਮੂਹਿਕ ਕਾਰੋਬਾਰ) ਦੁਆਰਾ ਸਮਰਥਿਤ ਵਪਾਰਕ ਸਿਮੂਲੇਸ਼ਨ ਟਰਮੀਨਲਾਂ ਤੱਕ ਪਹੁੰਚ ਰੱਖ ਸਕਣਗੇ। ਇਸ ਦੇ ਜ਼ਰੀਏ ਵਿਦਿਆਰਥੀ ਵਿੱਤੀ ਡਾਟਾ ਨੂੰ ਸਮਝਣ ਵਿੱਚ ਜਰੂਰੀ ਵਿਵਹਾਰਿਕ ਕੁਸ਼ਲਤਾਵਾਂ ਪ੍ਰਾਪਤ ਕਰਨਗੇ ਅਤੇ ਮਾਰਕੀਟ ਪ੍ਰਤੀ ਉਨ੍ਹਾਂ ਦੀ ਜਾਗਰੂਕਤਾ ਵਧੇਗੀ। ਇਸ ਮੌਕੇ ਆਪਣੀ ਗੱਲ ਰੱਖਦੇ ਹੋਏ, ਜੇਫ੍ਰੀਸ ਦੇ ਕੰਟਰੀ ਹੈੱਡ-ਇੰਡੀਆ, ਆਸ਼ੀਸ਼ ਅਗਰਵਾਲ ਨੇ ਕਿਹਾ, ਇਹ ਦੇਖਣਾ ਨਿਰਣਾਇਕ ਰੂਪ ਵਿੱਚ ਰੋਮਾਂਚਕ ਹੈ ਕਿ ਜੇਫ੍ਰੀਸ ਫਿਨਹਬ



ਦੁਆਰਾ ਅਸੀਂ ਪਲੱਕਸ਼ਾ ਵਿੱਚ ਵਿਦਿਆਰਥੀਆਂ ਲਈ ਫਾਈਨਾਂਸ ਦੇ ਖਾਰਜ ਖੇਤਰ ਵਿੱਚ ਐਨਾਲਿਟਿਕਿਸ ਅਤੇ ਤਕਨੀਕ ਦੀ ਮੁਹਾਰਤ ਵਿਕਸਿਤ ਕਰਨ ਲਈ ਇੱਕ ਜਗ੍ਹਾ ਬਣਾ ਸਕਦੇ ਹਾਂ। ਇਹ ਅਨੁਭਵੀ ਤਕਨੀਕੀ ਸਿੱਖਿਆ ਤੱਕ ਪਹੁੰਚ ਰੱਖਣ ਦਾ ਵਿਦਿਆਰਥੀਆਂ ਲਈ ਇੱਕ ਬਿਹਤਰੀਨ ਮੌਕਾ ਹੈ ਜਿਸ ਨਾਲ ਆਖ਼ਰਕਾਰ ਵਿੱਤੀ ਜਾਇਦਾਦਾਂ ਅਤੇ ਬਾਜ਼ਾਰਾਂ ਬਾਰੇ ਜਾਨਣ ਲਈ ਉਹਨਾਂ ਦੀ ਅਕਲ, ਵਿਚਾਰ, ਉਤਸ਼ਾਹ ਅਤੇ ਲਗਨ ਨੂੰ ਵਧਾਏਗੀ। ਪਲੱਕਸ਼ਾ ਯੂਨੀਵਰਸਿਟੀ ਦੇ ਸੰਸਥਾਪਕ ਅਤੇ ਵਾਈਸ ਚਾਂਸਲਰ, ਪ੍ਰੋਫੈਸਰ ਰੁਦਰ ਪ੍ਰਤਾਪ ਨੇ ਇਸ ਗੱਠਜੋੜ ਬਾਰੇ ਆਪਣੇ ਵਿਚਾਰ ਰੱਖਦੇ ਹੋਏ ਕਿਹਾ, ਅਸੀਂ ਜੇਫ੍ਰੀਸ ਦੇ ਨਾਲ ਗੱਠਜੋੜ ਕਰਦੇ ਹੋਏ ਬਹੁਤ ਉਤਸ਼ਾਹਿਤ ਹਾਂ। ਇਹ ਸਿਖਲਾਈ ਕੇਂਦਰ ਸਿਧਾਂਤਾਂ ਨੂੰ ਅਭਿਆਸ ਵਿੱਚ ਮਿਲਾਉਣ ’ਤੇ ਪੈਨੀ ਨਜ਼ਰ ਦੇ ਨਾਲ ਮਿਸ਼ਰਤ ਸਿਖਲਾਈ ਦੇਣ ਦੇ ਸਾਡੇ ਉਦੇਸ਼ ਦੇ ਅਨੁਸਾਰ ਹੈ।ਅਸੀਂ ਪਲੱਕਸ਼ਾ ਵਿੱਚ ਇਸ ਤਰ੍ਹਾਂ ਦੀ ਤਕਨਾਲੌਜੀ ਦੀ ਸਿੱਖਿਆ ਦੀ ਨਵੀਂ ਕਲਪਨਾ ਕਰਦੇ ਹਾਂ। ਸਾਡਾ ਮੰਨਣਾ ਹੈ ਕਿ ਜ਼ਿੰਦਗੀ ਦੀ ਹਰ ਅਵਸਥਾ ਵਿੱਚ ਨਵੀਂ ਕਲਪਨਾ ਦਾ ਸਮਾਵੇਸ਼ ਮਹੱਤਵਪੂਰਨ ਹੈ, ਤਾਂ ਕਿ ਉਸ ਦਾ ਅਭਿਆਸ ਕੀਤਾ ਜਾ ਸਕੇ।

# ਜ਼ਿਲ੍ਹੇ ਵਿਚ ਵਿਸ਼ੇਸ਼ ਟੀਕਾਕਰਨ ਹਫ਼ਤਾ ਸ਼ੁਰੂ

## ਪਹਿਲੇ ਦਿਨ 45 ਕੈਂਪ, 353 ਬੱਚਿਆਂ ਨੂੰ ਟੀਕੇ ਲਗਾਏ

**ਮੋਹਾਲੀ (ਰੀਤਿਸ਼ ਕੁਮਾਰ)** ਜ਼ਿਲ੍ਹੇ 'ਚ ਵਿਸ਼ੇਸ਼ ਟੀਕਾਕਰਨ ਹਫ਼ਤਾ ਅੱਜ ਤੋਂ ਸ਼ੁਰੂ ਹੋ ਗਿਆ। ਇਸ ਸਬੰਧ 'ਚ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ. ਰੁਪਿੰਦਰ ਕੌਰ ਗਿੱਲ ਅਤੇ ਜ਼ਿਲ੍ਹਾ ਟੀਕਾਕਰਨ ਅਧਿਕਾਰੀ ਡਾ. ਗਿਰੀਸ਼ ਡੋਗਰਾ ਨੇ ਦਸਿਆ ਕਿ ਸਿਹਤ ਵਿਭਾਗ ਪੰਜਾਬ ਵਲੋਂ ਜਾਰੀ ਹੁਕਮਾਂ ਮੁਤਾਬਿਕ ਜ਼ਿਲ੍ਹਾ ਭਰ ਵਿਚ 24 ਅਪ੍ਰੈਲ ਤੋਂ 28 ਅਪ੍ਰੈਲ ਤਕ ਵਿਸ਼ੇਸ਼ ਟੀਕਾਕਰਨ ਹਫ਼ਤਾ ਮਨਾਇਆ ਜਾ ਰਿਹਾ ਹੈ। ਉਨ੍ਹਾਂ ਦਸਿਆ ਕਿ ਪਹਿਲੇ ਦਿਨ ਵੱਖ ਵੱਖ ਥਾਈਂ 45 ਟੀਕਾਕਰਨ ਸੈਸ਼ਨ ਲਗਾਏ ਗਏ ਜਿਨ੍ਹਾਂ ਵਿਚ 353 ਬੱਚਿਆਂ ਨੂੰ ਟੀਕੇ ਲਗਾਏ ਗਏ। ਉਨ੍ਹਾਂ ਦਸਿਆ ਕਿ ਵਿਸ਼ੇਸ਼ ਟੀਕਾਕਰਨ ਹਫ਼ਤੇ ਦਾ ਉਦੇਸ਼ 0 ਤੋਂ 5 ਸਾਲ ਤੱਕ ਦੇ ਬੱਚਿਆਂ ਅਤੇ ਗਰਭਵਤੀ ਔਰਤਾਂ ਦੇ ਟੀਕਾਕਰਨ ਦੀ ਕਵਰੇਜ ਨੂੰ ਮਜ਼ਬੂਤ ਕਰਨਾ ਹੈ। ਇਸ ਲਈ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਅਤੇ ਗਰਭਵਤੀ ਔਰਤਾਂ ਜਿਨ੍ਹਾਂ ਦਾ ਟੀਕਾਕਰਨ ਅਧੂਰਾ ਹੈ ਜਾਂ ਕਿਸੇ



ਕਾਰਨ ਰਹਿ ਗਿਆ ਹੈ, ਉਸ ਨੂੰ ਪੂਰਾ ਕੀਤਾ ਜਾਵੇਗਾ। ਇਸ ਤੋਂ ਇਲਾਵਾ, ਆਮ ਟੀਕਾਕਰਨ ਪਹਿਲਾਂ ਵਾਂਗ ਜਾਰੀ ਰਹੇਗਾ। ਸਿਵਲ ਸਰਜਨ ਨੇ ਦਸਿਆ ਕਿ ਇਸ ਹਫ਼ਤੇ ਦੌਰਾਨ ਉਚ ਜੋਖਮ ਵਾਲੇ ਖੇਤਰਾਂ, ਪ੍ਰਵਾਸੀ ਆਬਾਦੀ, ਖਾਨਾਬਦੋਸ਼ ਸਥਾਨ, ਇੱਟਾਂ ਦੇ ਭੱਠਿਆਂ ਆਦਿ ਤੇ ਰਹਿਣ ਵਾਲੇ ਲੋਕਾਂ ਦੇ ਬੱਚਿਆਂ ਅਤੇ ਗਰਭਵਤੀ ਔਰਤਾਂ ਨੂੰ ਵਿਸ਼ੇਸ਼ ਤੌਰ 'ਤੇ ਕਵਰ ਕੀਤਾ ਜਾਵੇਗਾ। ਇਸ ਤੋਂ ਇਲਾਵਾ ਜਿਹੜੇ ਸਬ-ਸੈਂਟਰਾਂ ਉਤੇ ਏ.ਐਨ.ਐਮ. ਦਾ ਅਹੁਦਾ ਖ਼ਾਲੀ ਹੈ, ਉਥੇ ਵੀ ਟੀਕਾਕਰਨ ਕੀਤਾ ਜਾਵੇਗਾ। ਇਸ ਤੋਂ ਇਲਾਵਾ ਜਿਹੜੇ ਬੱਚੇ ਘਰਾਂ ਵਿਚ ਪੈਦਾ ਹੁੰਦੇ ਹਨ ਅਤੇ ਉਨ੍ਹਾਂ ਬੱਚਿਆਂ ਦੀਆਂ ਜਨਮ ਖੁਰਾਕਾਂ ਵੀ ਰਹਿ ਜਾਂਦੀਆਂ ਹਨ, ਉਹ ਬੱਚੇ ਵੀ ਇਸ ਮੁਹਿੰਮ ਵਿਚ ਸ਼ਾਮਲ ਕੀਤੇ ਜਾਣਗੇ। ਜਿਹੜੇ ਖੇਤਰਾਂ ਜਾਂ ਪਿੰਡਾਂ ਵਿਚ ਸਰਕਾਰੀ ਸਿਹਤ ਸਹੂਲਤਾਂ ਨਹੀਂ ਹਨ, ਉਨ੍ਹਾਂ ਪਿੰਡਾਂ ਅਤੇ ਖੇਤਰਾਂ ਵਿਚ ਵਿਸ਼ੇਸ਼ ਕੈਂਪ ਲਗਾਏ ਜਾ ਰਹੇ ਹਨ। ਸਿਹਤ ਅਧਿਕਾਰੀਆਂ ਨੇ ਦਸਿਆ ਕਿ ਜ਼ਿਲ੍ਹੇ ਦੀਆਂ ਸਰਕਾਰੀ ਸਿਹਤ ਸੰਸਥਾਵਾਂ ਵਿਚ ਇਸ ਮੁਹਿੰਮ ਦੀਆਂ ਤਿਆਰੀਆਂ ਪਹਿਲਾਂ ਹੀ ਮੁਕੰਮਲ ਕਰ ਲਈਆਂ ਗਈਆਂ ਸਨ। ਮੁਹਿੰਮ ਤਹਿਤ ਉਪਰੋਕਤ ਥਾਵਾਂ 'ਤੇ ਸੀਨੀਅਰ ਮੈਡੀਕਲ ਅਫਸਰ ਅਤੇ ਟੀਕਾਕਰਨ ਅਫਸਰ ਇਨ੍ਹਾਂ ਕੈਂਪਾਂ ਦਾ ਨਿਰੀਖਣ ਕਰ ਰਹੇ ਹਨ। ਡਾ. ਗਿੱਲ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਨਾਂ ਕੈਂਪਾਂ ਦਾ ਵੱਧ ਤੋਂ ਵੱਧ ਲਾਭ ਲੈਣ ਅਤੇ ਮੁਹਿੰਮ ਨੂੰ ਸਫ਼ਲ ਬਣਾਉਣ।

## ਐਨਸੀਸੀ ਗਰੁੱਪ ਯੂਟੀ ਚੰਡੀਗੜ੍ਹ ਨੇ ਐਨਸੀਸੀ ਸ਼ੂਟਿੰਗ ਚੈਂਪੀਅਨਸ਼ਿਪ ਜਿੱਤੀ



**ਚੰਡੀਗੜ੍ਹ (ਰੀਤਿਸ਼ ਕੁਮਾਰ)** ਐਨਸੀਸੀ ਡਾਇਰੈਕਟੋਰੇਟ, ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਦੁਆਰਾ 17 ਤੋਂ 24 ਅਪ੍ਰੈਲ, 2023 ਤੱਕ ਚੰਡੀਗੜ੍ਹ ਪੁਲਿਸ ਸ਼ੂਟਿੰਗ ਰੇਂਜ, ਸੈਕਟਰ 25, ਚੰਡੀਗੜ੍ਹ ਵਿਖੇ ਇੰਟਰ ਐਨਸੀਸੀ ਗਰੁੱਪ ਸਪੋਰਟਸ ਸ਼ੂਟਿੰਗ ਚੈਂਪੀਅਨਸ਼ਿਪ ਕਰਵਾਈ ਗਈ। ਚੈਂਪੀਅਨਸ਼ਿਪ ਵਿੱਚ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦੇ 64 ਐਨਸੀਸੀ ਕੈਡਿਟਾਂ ਸਹਿਤ ਅੱਠ ਟੀਮਾਂ ਨੇ ਭਾਗ ਲਿਆ। ਕੈਡਿਟਾਂ ਦੀ ਰਾਅ ਸ਼ੂਟਿੰਗ ਪ੍ਰਤਿਭਾ ਦੀ ਪਛਾਣ ਕੀਤੀ ਗਈ ਅਤੇ ਉਨ੍ਹਾਂ ਨੂੰ ਵੱਖ-ਵੱਖ ਸ਼ੂਟਿੰਗ ਪੋਜੀਸ਼ਨ ਮੁਕਾਬਲਿਆਂ ਵਿੱਚ ਵਧੀਆ ਪ੍ਰਦਰਸ਼ਨ ਕਰਨ ਲਈ ਸਿਖਲਾਈ ਦਿੱਤੀ ਗਈ। ਇਸ ਸਖ਼ਤ ਮੁਕਾਬਲੇ ਵਿੱਚ ਐਨਸੀਸੀ ਗਰੁੱਪ ਯੂਟੀ ਚੰਡੀਗੜ੍ਹ ਚੈਂਪੀਅਨ ਬਣ ਕੇ ਉਭਰਿਆ। ਚੰਡੀਗੜ੍ਹ ਦੇ ਕੈਡਿਟਾਂ ਨੇ ਮੁਕਾਬਲੇ ਦੇ ਸਾਰੇ ਫਾਰਮੈਟਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਕਈ ਮੈਡਲ ਜਿੱਤੇ। ਬ੍ਰਿਗੇਡੀਅਰ ਪਰਵਿੰਦਰ ਸਿੰਘ, ਗਰੁੱਪ ਕਮਾਂਡਰ, ਐਨਸੀਸੀ ਗਰੁੱਪ ਹੈੱਡਕੁਆਰਟਰ ਚੰਡੀਗੜ੍ਹ ਨੇ ਵਿਅਕਤੀਗਤ ਸ਼ੂਟਿੰਗ ਮੁਕਾਬਲਿਆਂ ਦੇ ਜੇਤੂਆਂ ਨੂੰ ਮੈਡਲ ਅਤੇ ਸਰਟੀਫਿਕੇਟ ਪ੍ਰਦਾਨ ਕੀਤੇ। ਬ੍ਰਿਗੇਡੀਅਰ ਪਰਵਿੰਦਰ ਸਿੰਘ ਨੇ ਆਪਣੇ ਸੰਬੋਧਨ ਦੌਰਾਨ ਜੇਤੂਆਂ ਨੂੰ ਅੰਤਰ ਡਾਇਰੈਕਟੋਰੇਟ ਕੌਮੀ ਪੱਧਰ ਤੇ ਐਨਸੀਸੀ ਸ਼ੂਟਿੰਗ ਮੁਕਾਬਲੇ ਵਿੱਚ ਵਧੀਆ ਪ੍ਰਦਰਸ਼ਨ ਕਰਨ ਅਤੇ ਭਾਰਤ ਦੇ ਰਾਸ਼ਟਰੀ ਨਿਸ਼ਾਨੇਬਾਜ਼ੀ ਦਸਤੇ ਵਿੱਚ ਆਪਣੀ ਥਾਂ ਪੱਕੀ ਕਰਨ ਲਈ ਪ੍ਰੇਰਿਤ ਕੀਤਾ।

# ਬੇਅਦਬੀ ਦੀਆਂ ਘਟਨਾਵਾਂ ਰਾਜ ਸਰਕਾਰ ਤੇ ਸ਼੍ਰੋਮਣੀ ਕਮੇਟੀ ਦੀ ਗੈਰ ਸੰਜੀਦਗੀ ਦਾ ਨਤੀਜਾ : ਪ੍ਰੋ. ਸਰਚਾਂਦ ਸਿੰਘ

### *ਮੋਰਿੰਡਾ ਦੇ ਗੁ: ਕੋਤਵਾਲੀ ਸਾਹਿਬ ਵਿਖੇ ਹੋਈ ਬੇਅਦਬੀ ਦੀ ਘਟਨਾ ਦੀ ਸਖ਼ਤ ਨਿਖੇਧੀ ਕਰਦਿਆਂ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਕੀਤੀ ਮੰਗ*

**ਅੰਮ੍ਰਿਤਸਰ (ਵਿਰਦੀ )** ਭਾਜਪਾ ਦੇ ਸਿੱਖ ਆਗੂ ਅਤੇ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਲਾਹਕਾਰ ਪ੍ਰੋ: ਸਰਚਾਂਦ ਸਿੰਘ ਖਿਆਲਾ ਨੇ ਛੋਟੇ ਸਾਹਿਬਜ਼ਾਦਿਆਂ ਦੀ ਯਾਦ ਨਾਲ ਸੰਬੰਧਿਤ ਮੋਰਿੰਡਾ ਦੇ ਇਤਿਹਾਸਕ ਗੁਰਦੁਆਰਾ ਕੋਤਵਾਲੀ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਬੇਅਦਬੀ ਦੀ ਹਿਰਦੇਵੇਧਕ ਘਟਨਾ ਦੀ ਸਖ਼ਤ ਨਿਖੇਧੀ ਕੀਤੀ ਹੈ ਅਤੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਪ੍ਰੋ: ਸਰਚਾਂਦ ਸਿੰਘ ਨੇ ਚਿੰਤਾ ਅਤੇ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਸਖ਼ਤ ਲਹਿਜ਼ੇ ਵਿਚ ਕਿਹਾ ਕਿ ਲਗਾਤਾਰ ਹੋ ਰਹੀਆਂ ਬੇਅਦਬੀ ਦੀਆਂ ਹਿਰਦੇਵੇਧਕ ਘਟਨਾਵਾਂ ਰਾਜ ਸਰਕਾਰ ਅਤੇ ਪੁਲੀਸ ਪ੍ਰਸ਼ਾਸਨ ਵੱਲੋਂ ਸੰਬੰਧਿਤ ਦੋਸ਼ੀਆਂ ਨੂੰ ਸਖ਼ਤ ਸਜਾਵਾਂ ਦਿਵਾਉਣ 'ਚ ਅਣਗਹਿਲੀ ਅਤੇ ਗੈਰ ਸੰਜੀਦਗੀ ਦਾ ਨਤੀਜਾ ਹਨ । ਸਾਡੇ ਲਈ ਇਸ ਤੋਂ ਵੱਡੀ ਸ਼ਰਮ ਦੀ ਗੱਲ ਹੋਰ ਕੀ ਹੋ ਸਕਦੀ ਹੈ ਕਿ ਇਕ ਬੰਦਾ ਜੋੜਿਆਂ ਸਮੇਤ ਗੁਰਦੁਆਰਾ ਕੋਤਵਾਲੀ ਸਾਹਿਬ ਦੇ ਅੰਦਰ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰੇਆਮ ਬੇਅਦਬੀ ਕਰਦਾ ਹੈ ਅਤੇ ਅਖੰਡ ਪਾਠ ਕਰ ਰਹੇ ਪਾਠੀ ਸਿੰਘਾਂ ਦੀ ਕੁੱਟ ਮਾਰ ਕਰ ਕੇ ਚਲਾ ਜਾਂਦਾ ਹੈ। ਦੋਸ਼ੀਆਂ ਪ੍ਰਤੀ ਸਰਕਾਰ ਦੀ ਢਿੱਲਮੱਠ ਵਾਲੀ ਨੀਤੀ ਕਾਰਨ ਦੋਸ਼ੀ ਅਤੇ ਸ਼ਰਾਰਤੀ ਅਨਸਰ ਸ਼ਰੇਆਮ ਬੇਖ਼ੌਫ ਹੋ ਕੇ ਬੇਅਦਬੀ ਵਰਗੇ ਕਾਰਿਆਂ ਨੂੰ ਅੰਜਾਮ ਦੇ ਰਹੇ ਹਨ, ਜਿਸ ਨਾਲ ਸਿੱਖ ਹਿਰਦੇ ਵਾਰ ਵਾਰ ਵਲੂੰਧਰੇ ਜਾ ਰਹੇ ਹਨ। ਪ੍ਰੋ: ਸਰਚਾਂਦ ਸਿੰਘ ਨੇ ਸਿੱਖਾਂ ਦੀ ਸਿਰਮੌਰ ਧਾਰਮਿਕ ਸੰਸਥਾ ਸ਼੍ਰੋਮਣੀ ਕਮੇਟੀ 'ਤੇ ਵੀ ਨਿਸ਼ਾਨਾ ਸਾਧਿਆ ਅਤੇ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਵੀ ਰਾਜ ਸਰਕਾਰ ਦੀ ਤਰਾਂ ਬੇਅਦਬੀ ਦੀਆਂ ਘਟਨਾਵਾਂ ਅਤੇ ਡੂੰਘੀਆਂ ਸਾਜ਼ਿਸ਼ਾਂ ਨੂੰ ਕਦੀ ਗੰਭੀਰਤਾ ਨਾਲ ਨਹੀਂ ਲਿਆ, ਜਿਸ ਕਾਰਨ ਸਮਾਜ ਵਿਰੋਧੀ ਅਤੇ ਫੁੱਟ ਪਾਊ ਅਨਸਰਾਂ ਵੱਲੋਂ ਪਾਵਨ ਸਰੂਪਾਂ ਦੀ ਲਗਾਤਾਰ



ਬੇਅਦਬੀ ਕਰ ਕੇ ਸਿੱਖ ਹਿਰਦਿਆਂ ਨੂੰ ਠੇਸ ਪਹੁੰਚਾਈ ਜਾ ਰਹੀ ਹੈ। ਪ੍ਰੋ: ਸਰਚਾਂਦ ਸਿੰਘ ਨੇ ਰਾਜ ਸਰਕਾਰ ਨੂੰ ਬੇਅਦਬੀ ਦੇ ਪਿੱਛੇ ਦੀਆਂ ਤਾਕਤਾਂ ਨੂੰ ਬੇਨਕਾਬ ਕਰਨ ਦੀ ਅਪੀਲ ਕਰਦਿਆਂ ਚਿਤਾਵਨੀ ਵੀ ਦਿੱਤੀ ਕਿ ਬੇਅਦਬੀ ਦੀਆਂ ਘਟਨਾਵਾਂ ਨੂੰ ਨਾ ਰੋਕਿਆ ਗਿਆ ਤਾਂ ਪੰਜਾਬ ਦਾ ਮਾਹੌਲ ਖ਼ਰਾਬ ਹੋਵੇਗਾ, ਜਿਸ ਲਈ ਪੰਜਾਬ ਸਰਕਾਰ ਜ਼ਿੰਮੇਵਾਰ ਹੋਵੇਗੀ। ਉਨ੍ਹਾਂ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜਾਵਾਂ ਦੇਣ ਅਤੇ ਲੋੜ ਪੈਣ 'ਤੇ ਸਖ਼ਤ ਕਾਨੂੰਨ ਲਿਆਉਣ ਲਈ ਵੀ ਕਿਹਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਬੇਅਦਬੀਆਂ ਦੀਆਂ ਘਟਨਾਵਾਂ ਅਤੇ ਲਗਾਤਾਰ ਹੋ ਰਹੀਆਂ ਸਾਜ਼ਿਸ਼ਾਂ ਨੂੰ ਰੋਕਣ ਲਈ ਸਮੂਹ ਸੰਗਤਾਂ ਅਤੇ ਸਿੱਖ ਜਥੇਬੰਦੀਆਂ ਦੇ ਨਾਲ ਨਾਲ ਰਾਜਨੀਤਿਕ ਪਾਰਟੀਆਂ ਨਾਲ ਸੰਬੰਧਿਤ ਸਿੱਖ ਆਗੂਆਂ ਨੂੰ ਵੀ ਬਿਨਾ ਕਿਸੇ ਭੇਦ ਭਾਵ ਦੇ ਇਕੱਤਰਤਾਵਾਂ ਵਿਚ ਸ਼ਾਮਿਲ ਕਰਨਾ ਚਾਹੀਦਾ ਹੈ। ਅਤੇ ਘਟਨਾਵਾਂ ਨੂੰ ਗੰਭੀਰਤਾ ਨਾਲ ਵਿਚਾਰ ਕੇ ਸਖ਼ਤ ਕਦਮ ਚੁੱਕੇ ਜਾਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਦੋਸ਼ੀਆਂ ਨੂੰ ਸਖ਼ਤ ਤੇ ਮਿਸਾਲੀ ਸਜਾਵਾਂ ਦੇ ਕੇ ਸਬਕ ਸਿਖਾਇਆ ਜਾਵੇ, ਤਾਂ ਕਿ ਕੋਈ ਵੀ ਗੁਰੂ ਦੋਖੀ ਬੇਅਦਬੀ ਕਰਨ ਬਾਰੇ ਸੋਚ ਵੀ ਨਾ ਸਕੇ। ਉਨ੍ਹਾਂ ਸਿੱਖ ਸੰਗਤਾਂ ਨੂੰ ਭਵਿੱਖ 'ਚ ਬੇਅਦਬੀ ਦੀਆਂ ਸਾਜ਼ਿਸ਼ਾਂ ਕਰਨ ਵਾਲੇ ਸ਼ਰਾਰਤੀ ਅਨਸਰਾਂ ਤੋਂ ਸੁਚੇਤ ਰਹਿਣ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ, ਪਾਵਨ ਗੁਰਬਾਣੀ ਪੋਥੀਆਂ ਦੀ ਸੇਵਾ ਸੰਭਾਲ ਵੱਲ ਵਿਸ਼ੇਸ਼ ਤਵੱਜੋ ਦੇਣ ਤੋਂ ਇਲਾਵਾ ਸੂਬੇ 'ਚ ਅਮਨ ਸ਼ਾਂਤੀ ਅਤੇ ਫ਼ਿਰਕੂ ਸਦਭਾਵਨਾ ਬਣਾਈ ਰੱਖਣ ਦੀ ਵੀ ਅਪੀਲ ਕੀਤੀ ।

# ਡਿਪਸ ਵਿੱਚ ਬੱਚਿਆਂ ਨੂੰ ਕਿਤਾਬਾਂ ਪੜ੍ਹਨ ਲਈ ਪ੍ਰੇਰਿਤ ਕੀਤਾ ਗਿਆ


**ਜਲੰਧਰ (ਰਾਕਸ਼ ਵਰਮਾ)** ਬਲੂਮਿੰਗ ਡੇਲਸ ਸਕੂਲ ਵਿੱਚ ਵਿਸ਼ਵ ਪੁਸਤਕ ਦਿਵਸ ਮਨਾਇਆ ਗਿਆ ਤਾਂ ਜੋ ਬੱਚਿਆਂ ਵਿੱਚ ਕਿਤਾਬਾਂ ਪ੍ਰਤੀ ਰੁਚੀ ਪੈਦਾ ਕੀਤੀ ਜਾ ਸਕੇ। ਬੱਚਿਆਂ ਨੇ ਮਿਲਕੇ ਕਹਾਣੀ, ਕਵਿਤਾ ਦੀਆਂ ਕਿਤਾਬਾਂ ਪੜ੍ਹਇਆ। ਬੱਚਿਆਂ ਨੂੰ ਦੱਸਿਆ ਕਿ ਹਰ ਸਾਲ 23 ਅਪ੍ਰੈਲ ਨੂੰ ਵਿਸ਼ਵ ਪੁਸਤਕ ਅਤੇ ਕਾਪੀਰਾਈਟ ਦਿਵਸ ਪੂਰੇ ਵਿਸ਼ਵ ਵਿੱਚ ਮਨਾਇਆ ਜਾਂਦਾ ਹੈ। ਇਸ ਦੇ ਜਸ਼ਨ ਮਨਾਉਣ ਦਾ ਮੁੱਖ ਮਕਸਦ ਦੇਸ਼ ਦੀ ਨੌਜਵਾਨ ਪੀੜ੍ਹੀ ਨੂੰ ਪੁਸਤਕਾਂ ਨਾਲ ਜੋੜਨਾ ਹੈ ਕਿਉਂਕਿ ਅੱਜ ਦੇ ਬੱਚੇ ਤਕਨਾਲੋਜੀ ਨਾਲ ਜੁੜ ਕੇ ਪੁਸਤਕਾਂ ਤੋਂ ਦੂਰ ਹੁੰਦੇ ਜਾ ਰਹੇ ਹਨ। ਅਧਿਆਪਕਾਂ ਨੇ ਇਸ ਪੁਸਤਕ ਦਿਵਸ ਦੇ ਵਿਸ਼ੇ, ਦੇਸੀ ਭਾਸ਼ਾਵਾਂ ਨੂੰ ਮੁੱਖ ਰੱਖਦਿਆਂ ਬੱਚਿਆਂ ਨੂੰ ਆਪਣੇ ਦੇਸ਼ ਦੀਆਂ ਭਾਸ਼ਾਵਾਂ ਬਾਰੇ ਜਾਣਕਾਰੀ ਦਿੱਤੀ। ਅਧਿਆਪਕਾਂ ਨੇ ਦੱਸਿਆ ਕਿ ਸਾਡੇ ਵਿੱਚ ਕਈ ਤਰ੍ਹਾਂ ਦੀਆਂ ਭਾਸ਼ਾਵਾਂ ਪਾਈਆਂ




ਜਾਂਦੀਆਂ ਹਨ ਪਰ ਸਾਡੀ ਰਾਸ਼ਟਰੀ ਭਾਸ਼ਾ ਹਿੰਦੀ ਹੈ। ਸਾਨੂੰ ਸਾਰੀਆਂ ਭਾਸ਼ਾਵਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ ਪਰ ਆਪਣੀ ਮਾਂ ਬੋਲੀ ਅਤੇ ਰਾਸ਼ਟਰੀ ਭਾਸ਼ਾ ਨੂੰ ਕਦੇ ਨਹੀਂ ਭੁੱਲਣਾ ਚਾਹੀਦਾ ਅਤੇ ਅਸੀਂ ਉਦੋਂ ਹੀ ਸਿੱਖ ਸਕਦੇ ਹਾਂ ਜਦੋਂ ਅਸੀਂ ਉਨ੍ਹਾਂ ਵਿੱਚ ਲਿਖੀਆਂ ਕਿਤਾਬਾਂ ਪੜ੍ਹਦੇ ਹਾਂ। ਪ੍ਰਿੰਸੀਪਲ ਵਾਨੀ ਸਹਿਗਲ ਨੇ ਬੱਚਿਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਕਿਤਾਬਾਂ ਸਾਡੀਆਂ ਸਭ ਤੋਂ ਚੰਗੀਆਂ ਦੋਸਤ ਹਨ, ਉਹ ਸਾਡੇ ਤੋਂ ਕੁਝ ਨਹੀਂ ਮੰਗਦੀਆਂ ਸਗੋਂ ਸਾਨੂੰ ਬਹੁਤ ਕੁਝ ਦਿੰਦੀਆਂ ਹਨ। ਕਿਤਾਬਾਂ ਪੜ੍ਹਨਾ ਸਾਡੇ ਮਾਨਸਿਕ ਵਿਕਾਸ ਵਿੱਚ ਮਦਦ ਕਰਦਾ ਹੈ ਅਤੇ ਨਾਲ ਹੀ ਸਾਡੇ ਸੰਚਾਰ ਹੁਨਰ ਵਿੱਚ ਸੁਧਾਰ ਕਰਦਾ ਹੈ। ਬੱਚਿਆਂ ਦੀ ਪੁਸਤਕਾਂ ਪ੍ਰਤੀ ਰੁਚੀ ਵਧਾਉਣ ਲਈ ਜ਼ਰੂਰੀ ਹੈ ਕਿ ਮਾਪੇ ਉਨ੍ਹਾਂ ਨੂੰ ਬਚਪਨ ਤੋਂ ਹੀ ਕਹਾਣੀਆਂ ਪੜ੍ਹ ਕੇ ਸੁਣਾਉਣ ਅਤੇ ਆਕਰਸ਼ਕ ਅਤੇ ਰੰਗਦਾਰ ਦਿੱਖਣ ਵਾਲੀਆਂ ਕਿਤਾਬਾਂ ਲੈ ਕੇ ਦੇਣ। ਇਸ ਦੇ ਨਾਲ ਹੀ ਬੱਚਿਆਂ ਨੂੰ ਫੋਨ, ਲੈਪਟਾਪ ਤੋਂ ਦੂਰੀ ਬਣਾ ਕੇ ਕਿਤਾਬਾਂ 'ਤੇ ਵੀ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ।

# ਬਾਬਾ ਸ੍ਰੀ ਚੰਦ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਗਾਹਲੜੀ ਦਾ ਨਤੀਜਾ 100 ਫੀਸਦੀ ਰਿਹਾ

**ਦੋਰਾਂਗਲਾ (ਰਾਕੇਸ਼ ਜੀਵਨ ਚੱਕ)** ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਲਈ ਗਈ ਪੰਜਵੀਂ ਜਮਾਤ ਦੀ ਪ੍ਰੀਖਿਆਂ ਚੋ ਬਾਬਾ ਸ੍ਰੀ ਚੰਦ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਗਾਹਲੜੀ ਦਾ ਨਤੀਜਾ 100 ਫੀਸਦੀ ਰਿਹਾ । ਬਾਬਾ ਸ੍ਰੀ ਚੰਦ ਖਾਲਸਾ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਸਿਮਰਜੀਤ ਕੌਰ ਵਲੋਂ ਜਾਣਕਾਰੀ ਦਿੰਦੇ ਹੋਏ







ਦੱਸਿਆ ਕਿ ਪੰਜਵੀਂ ਜਮਾਤ ਦੀ ਵਿਦਿਆਰਥਣ ਰਮਨਦੀਪ ਕੌਰ ਵਲੋਂ 85 ਪ੍ਰਤੀਸ਼ਤ ਨੰਬਰ ਪ੍ਰਾਪਤ ਕਰਕੇ ਪਹਿਲਾ ਸਥਾਨ,ਰਾਜਵੀਰ ਕੌਰ ਨੇ 84 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਦੂਸਰਾ,ਜੈਸਮੀਨ ਕੌਰ ,ਜਸਮੀਤ ਕੌਰ ,ਜੋਬਨਪ੍ਰੀਤ ਕੌਰ ਨੇ 83 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਹਾਸਿਲ ਕੀਤਾ । ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਤੇ ਸਮੂਹ ਸਟਾਫ ਵਲੋਂ ਮਾਪਿਆਂ ਨੂੰ ਵਧਾਈ ਦਿੰਦਿਆਂ ਹੋਇਆ ਵਿਦਿਆਰਥੀਆਂ ਨੂੰ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ ਗਿਆ ।

## ਵਰੇਗੰਢ ਮੁਬਾਰਕ



ਰਾਕੇਸ਼ ਕੁਮਾਰ ਪਤਨੀ ਰੀਨਾ ਕੁਮਾਰੀ ਪਿੰਡ ਸੰਘੋਰ ਜਿਲਾ ਗੁਰਦਾਸਪੁਰ ਵਲੋਂ ਆਪਣੇ ਵਿਆਹ ਦੀ 8 ਵੀਂ ਵਰੇਗੰਢ ਮਨਾਈ ।

# ਮਾਉਂਟੇਨ ਡਿਊ ਨੇ ਗੁਰੂ ਰੰਧਾਵਾ ਦੁਆਰਾ ਜੀਵੰਤ ਕੀਤਾ ਗਿਆ ਐਂਥਮ ਪੇਸ਼ ਕੀਤਾ

**ਹੁਸ਼ਿਆਰਪੁਰ (ਲੋਕ ਬਾਣੀ)** ਪੇਅ ਬ੍ਰਾਂਡ, ਮਾਉਂਟੇਨ ਡਿਊ ਨੇ ਪੰਜਾਬੀ ਗਾਇਕ ਅਤੇ ਯੂਥ ਆਈਕਨ, ਗੁਰੂ ਰੰਧਾਵਾ ਦੁਆਰਾ ਜੀਵੰਤ ਕੀਤਾ ਗਿਆ ਇੱਕ ਮਾਰਗ-ਦਰਸ਼ਕ ਐਂਥਮ ਪੇਸ਼ ਕੀਤਾ। ਇਹ ਲੁਭਾਵਣਾ ਐਂਥਮ ਸਾਹਸ ਦੀ ਧਰਤੀ, ਪੰਜਾਬ ਨੂੰ ਸਮਰਪਿਤ ਹੈ ਅਤੇ ਪੰਜਾਬੀਆਂ ਦੀ ਅਟੱਲ ਉਤਸ਼ਾਹਸ਼ੀਲਤਾ ਦਾ ਜਸ਼ਨ ਮਨਾਉਂਦਾ ਹੈ, ਜੋ ਖੁਦ ਸਾਹਸ ਦੇ ਰੱਖਿਅਕ ਹਨ। ਮਾਉਂਟੇਨ ਡਿਊ ਦੇ ਮੰਤਰ 'ਡਰ ਕੇ ਆਗੇ ਜੀਤ ਹੈ' ਦਾ ਵਿਸਤਾਰ, ਇਹ ਐਂਥਮ ਪੰਜਾਬ ਦੇ ਲੋਕਾਂ ਦੀ ਅਜਿੱਤ, ਅਦੁੱਤੀ ਅਤੇ ਬਹਾਦਰ ਸ਼ਖਸੀਅਤ ਦਾ ਪ੍ਰਤੀਕ ਹੈ ਅਤੇ ਹਿੰਮਤ ਅਤੇ ਦ੍ਰਿੜਤਾ ਨਾਲ ਹਰ ਡਰ 'ਤੇ ਜਿੱਤ ਪਾਉਣ ਦੀ ਭਾਵਨਾ ਨੂੰ ਦੁਹਰਾਉਂਦਾ ਹੈ। ਜੋਰਦਾਰ ਐਂਥਮ ਡਰ ਨੂੰ ਡਰਾ ਪੰਜਾਬੀਆਂ ਨੂੰ ਸ਼ਰਧਾਂਜਲੀ ਹੈ, ਜੋ ਆਪਣੇ ਸਾਹਸ 'ਤੇ ਮਾਣ ਕਰਦੇ ਹਨ ਅਤੇ ਅਸਲ ਵਿੱਚ 'ਡਰ ਕੋ ਸਾਹਸ ਸੇ ਡਰ ਲਗਤਾ ਹੈ' ਦੇ ਰਹੱਸ ਨੂੰ ਉਜ਼ਾਗਰ ਕਰਦੇ ਹਨ। ਹਮ ਡਰ ਸੇ ਆਗੇ, ਡਰ ਹਮਸੇ ਭਾਗੇ ਦੇ ਨਾਲ ਪ੍ਰੋਤਸਾਹਨਦਾਇਕ ਵਰਨ ਖੇਲ ਨਾਲ ਝੂਮਦੇ ਹੋਏ, ਸੰਗੀਤ ਸੰਖਿਆ ਪੰਜਾਬ ਦੇ ਅਟਲ ਉਤਸ਼ਾਹ ਦਾ ਉਦਾਹਰਣ ਹੈ ਅਤੇ ਉਸ ਦੀ ਨੌਜਵਾਨਾਂ ਸ਼ਕਤੀ ਦੀ ਸ਼ਕਤੀ ਹੈ - ਜੋ ਉਨ੍ਹਾਂ ਨੂੰ ਆਪਣੇ ਡਰਾਂ ਨੂੰ ਜਿੱਤਣ ਅਤੇ ਆਪਣੇ ਸੁਪਨਿਆਂ ਦੇ ਪਿੱਛੇ ਆਤਮ ਵਿਸ਼ਵਾਸ ਨਾਲ ਚੱਲਣ ਦੇ ਸਮਰੱਥ ਬਣਾਉਂਦੀ ਹੈ। 'ਜੀਤ ਲੇ' ਦੀ ਊਰਜਾ ਨਾਲ ਉਨ੍ਹਾਂ ਦੇ ਨਾਲ ਖੜਾ ਹੋ ਕੇ, ਇਹ ਗੀਤ ਇੱਕ ਪੂਰੀ ਪੀੜ੍ਹੀ ਨੂੰ ਨਫ਼ਰਤ ਅਤੇ ਡਰ ਤੋਂ ਅੱਗੇ ਵਧਣ ਲਈ ਪ੍ਰੇਰਿਤ ਕਰਦਾ ਹੈ, ਅਤੇ ਉਨ੍ਹਾਂ ਨੂੰ ਸਾਹਸੀ ਹੋਣ ਲਈ ਉਤਸ਼ਾਹਿਤ ਕਰਦਾ ਹੈ। ਐਂਥਮ



ਦੇ ਲਾਂਚ ਦੇ ਨਾਲ ਸੰਗੀਤਕ ਵੀਡੀਓ ਵੀ ਹੈ ਜਿਸ ਵਿੱਚ ਸੰਗੀਤ ਨਾਲ ਸਨਸਨੀ ਪੈਦਾ ਕਰਨ ਵਾਲੇ ਗੁਰੂ ਰੰਧਾਵਾ ਅਤੇ ਪੰਜਾਬ ਤੋਂ ਉਤਸ਼ਾਹ ਨੂੰ ਰੂਬਰੂ ਕਰਵਾਉਣ ਵਾਲੇ ਦ੍ਰਿਸ਼ ਸ਼ਾਮਲ ਹਨ ਜੋ ਕਦੇ ਵੀ ਕਿਸੇ ਚੁਣੌਤੀ ਤੋਂ ਪਿੱਛੇ ਨਹੀਂ ਹਟਦੇ ਹਨ। ਦੇਖਣ ਵਿੱਚ ਇਸ ਵੀਡੀਓ ਦਾ ਨਜ਼ਾਰਾ ਵੀ ਪੰਜਾਬ ਦੀ ਜੀਵੰਤ, ਉਤਸ਼ਾਹੀ ਅਤੇ ਸਾਹਸੀ ਰੂਹ ਨੂੰ ਦਰਸਾਉਂਦਾ ਹੈ। ਪੰਜਾਬ ਵਿੱਚ ਐਂਥਮ ਨੂੰ ਉਤਸ਼ਾਹਿਤ ਕਰਨ ਲਈ, ਮਾਊਂਟੇਨ ਡਿਊ ਪੰਜਾਬ ਵਿੱਚ ਪ੍ਰੋਮੋਪੈਕ ਵੀ ਉਨ੍ਹਾਂ ਨੇ ਲਾਂਚ ਕੀਤੇ ਹਨ ਜੋ ਤੁਹਾਨੂੰ 250 ਮਿਲੀਲੀਟਰ ਪੀਈਟੀ ਬੋਤਲ ਦੀ ਖਰੀਦ ਉੱਤੇ 150 ਮਿਲੀਲੀਟਰ ਮੁਫ਼ਤ ਪ੍ਰਦਾਨ ਕਰਨਗੇ। ਇਸ ਐਂਥਮ ਉੱਤੇ ਬੋਲਦੇ ਹੋਏ, ਵਿਨੀਤ ਸ਼ਰਮਾ, ਕੈਟਾਗਰੀ ਡਾਇਰੈਕਟਰ, ਮਾਊਂਟੇਨ ਡਿਊ, ਪੈਪਸੀਕੋ ਇੰਡੀਆ ਨੇ ਕਿਹਾ, ਕਿ ਮਾਉਂਟੇਨ ਡਿਊ ਹਮੇਸ਼ਾ ਨੌਜਵਾਨਾਂ ਨੂੰ ਹੌਂਸਲਾ ਦਿੰਦਾ ਹੈ ਕਿ ਉਹ ਸਾਹਸ ਨਾਲ ਆਪਣੇ ਡਰ ਨੂੰ ਜਿੱਤ ਸਕਦੇ ਹਨ ਅਤੇ ਜੇਤੂ ਹੋ ਸਕਦੇ ਹਨ! ਪੰਜਾਬ ਅਤੇ ਪੰਜਾਬੀਆਂ ਦੀ ਹਮੇਸ਼ਾ ਤੋਂ ਹੀ ਬਹਾਦੁਰੀ ਅਤੇ ਸਾਹਸ ਦੀ ਪਛਾਣ ਰਹੀ ਹੈ। ਨਵੇਂ ਗੀਤ ਨਾਲ ਅਸੀਂ ਪੰਜਾਬ ਦੀ ਧਰਤੀ ਅਤੇ ਪੰਜਾਬ ਦੇ ਲੋਕਾਂ ਨੂੰ ਉਨ੍ਹਾਂ ਦੇ ਸਾਹਸ ਲਈ ਸਲਾਮ ਕਰਦੇ ਹਾਂ। ਸਾਨੂੰ ਖੁਸ਼ੀ ਹੈ ਕਿ ਇਸ ਗੀਤ ਵਿੱਚ ਬੋਲਾਂ ਦੇ ਰੂਪ ਵਿੱਚ ਗੁਰੂ ਰੰਧਾਵਾ, ਸੰਗੀਤ ਨਿਰਦੇਸ਼ਕ ਵਜੋਂ ਸਨੇਹਾ ਖਾਨਵਲਕਰ ਅਤੇ ਗੀਤਕਾਰ ਵਜੋਂ ਇਰਸ਼ਾਦ ਕਾਮਿਲ ਵਰਗੇ ਲੋਕਾਂ ਨੇ ਆਪਣਾ ਸ਼ਾਨਦਾਰ ਰਚਨਾਤਮਕ ਯੋਗਦਾਨ ਦਿੱਤਾ ਹੈ। ਇਸ ਗੀਤ ਵਿੱਚ ਨੂਰਾਂ ਸਿਸਟਰਜ਼ ਅਤੇ ਲੇਜ਼ਰ ਐਕਸ ਨੇ ਵੀ ਯੋਗਦਾਨ ਪਾਇਆ। ਅਸੀਂ ਉਮੀਦ ਕਰਦੇ ਹਾਂ ਕਿ ਇਹ ਗੀਤ ਪੰਜਾਬ ਦੇ ਨੌਜਵਾਨਾਂ ਨੂੰ ਆਪਣੇ ਆਪ ਵਿੱਚ ਵਿਸ਼ਵਾਸ ਰੱਖਣ ਅਤੇ ਸਾਹਸ ਨਾਲ ਜਿੱਤ ਹਾਸਲ ਕਰਨ ਲਈ ਪ੍ਰੇਰਿਤ ਕਰੇਗਾ, ਉਨ੍ਹਾਂ ਨੂੰ ਪਹਿਲਾਂ ਨਾਲੋਂ ਵੀ ਕਿਤੇ ਜ਼ਿਆਦਾ ਉੱਚਾ ਉੱਠਣ ਲਈ ਸਾਹਸ ਦੇ ਨਾਲ ਜਿੱਤਣ ਲਈ ਪ੍ਰੇਰਿਤ ਕਰੇਗਾ ਐਂਥਮ ਉੱਤੇ ਟਿੱਪਣੀ ਕਰਦੇ ਹੋਏ, ਗਾਇਕ ਗੁਰੂ ਰੰਧਾਵਾ ਨੇ ਕਿਹਾ ਕਿ ਮੈਂ ਮਾਊਂਟੇਨ ਡਿਊ ਨਾਲ ਜੁੜ ਕੇ ਬਹੁਤ ਰੋਮਾਂਚਿਤ ਹਾਂ, ਇੱਕ ਅਜਿਹਾ ਬ੍ਰਾਂਡ ਜਿਸ ਨੇ ਮੇਰੇ ਨਾਲ ਉਨ੍ਹਾਂ ਪਲਾਂ ਵਿੱਚ ਗੱਲ ਕੀਤੀ ਹੈ ਜਿੱਥੇ ਮੈਂ ਡਰ ਉੱਤੇ ਜਿੱਤ ਹਾਸਲ ਕੀਤੀ ਹੈ। 'ਡਰ ਕੇ ਆਗੇ ਜੀਤ ਹੈ' ਦੇ ਉਨ੍ਹਾਂ ਦੇ ਫਲਸਫੇ ਨੇ ਮੈਨੂੰ ਪ੍ਰਭਾਵਿਤ ਕੀਤਾ ਹੈ। ਉਨ੍ਹਾਂ ਦੇ ਜਿੱਤ ਤੋਂ ਅੱਗੇ ਵਧਣ ਦੇ ਫਲਸਫੇ ਨੇ ਮੈਨੂੰ ਹਮੇਸ਼ਾ ਪ੍ਰਭਾਵਿਤ ਕੀਤਾ ਹੈ। ਮੈਂ ਇਸ ਸ਼ਕਤੀਸ਼ਾਲੀ ਅਤੇ ਪ੍ਰੇਰਨਾਦਾਇਕ ਗੀਤ ਦਾ ਹਿੱਸਾ ਬਣ ਕੇ ਬਹੁਤ ਮਾਣ ਮਹਿਸੂਸ ਕਰਦਾ ਹਾਂ।

ਇਹ ਨੌਜਵਾਨਾਂ ਵਿੱਚ ਵਿਰਾਸਤ ਵਿੱਚ ਮਿਲੇ ਜਨਮਜਤ ਆਤਮ-ਵਿਸ਼ਵਾਸ ਅਤੇ ਦ੍ਰਿੜ ਸੰਕਲਪ ਦਾ ਜਸ਼ਨ ਮਨਾਉਂਦਾ ਹੈ ਅਤੇ ਉਨ੍ਹਾਂ ਨੂੰ ਡਰ ਨਾਲ ਨਜਿੱਠਣ ਕਰਨ ਅਤੇ ਆਪਣੇ ਸੁਪਨਿਆਂ ਦਾ ਪਿੱਛਾ ਕਰਨ ਲਈ ਪ੍ਰੇਰਿਤ ਕਰਦਾ ਹੈ। ਮੈਨੂੰ ਉਮੀਦ ਕਰਦਾ ਹਾਂ ਕਿ ਇਹ ਗੀਤ ਨੌਜਵਾਨਾਂ ਨੂੰ ਸਾਹਸ ਨਾਲ ਲਬਰੇਜ਼ ਕਰਕੇ ਉਨ੍ਹਾਂ ਨੂੰ ਆਪਣੇ ਸੁਪਨਿਆਂ ਦੀ ਖੋਜ ਵਿੱਚ ਪ੍ਰਵਰਤਿਤ ਹੋਣ ਲਈ ਪ੍ਰੇਰਿਤ ਕਰੇਗਾ।

# ਨਜਾਇਜ਼ ਪਾਰਕਿੰਗ ਕਰਕੇ ਸੜਕ ਤੇ ਖੜ੍ਹੇ ਟਰੱਕ ਦੇ ਰਹੇ ਹਾਦਸਿਆ ਨੂੰ ਸੱਦਾ !

## ●ਕੀ ਡੱਲਾ ਰੋਡ ਸਿਰਫ ਲੋਡਡ ਟਰੈਕਟਰ ਟਰਾਲੀਆਂ ਅਤੇ ਟਰੱਕਾਂ ਲਈ ਹੀ ਬਣਿਐ ? ●ਪੁਲਿਸ ਪ੍ਰਸ਼ਾਸਨ ਸੁੱਤਾ ਕੁੰਭਕਾਰਨੀ ਨੀਂਦ ਕਿਸੇ ਵੱਡੇ ਹਾਦਸੇ ਦੀ ਉਡੀਕ 'ਚ

**ਸੁਲਤਾਨਪੁਰ (ਰਣਜੀਤ ਸਿੰਘ ਚੰਦੀ)** ਪੰਜਾਬ ਖੇਤੀ ਪ੍ਰਧਾਨ ਸੂਬਾ ਹੈ ਅਤੇ ਇਹਨਾਂ ਦਿਨਾਂ ਵਿੱਚ ਕਣਕ ਦੀ ਕਟਾਈ ਸ਼ੁਰੂ ਹੋ ਜਾਦੀ ਹੈ ਅਤੇ ਕਿਸਾਨ ਅਕਸਰ ਦਿਨ ਰਾਤ ਇੱਕ ਕਰਕੇ ਆਪਣੀ ਬੀਜੀ ਹੋਈ ਫ਼ਸਲ ਨੂੰ ਮੰਡੀ ਲੈਕੇ ਆਉਂਦਾ ਹੈ ਜਿਸ ਨਾਲ ਸੜਕਾਂ ਤੇ ਟ੍ਰੈਫਿਕ ਵੱਧ ਜਾਂਦੀ ਹੈ। ਅਜਿਹੇ ਵਿਚ ਸੜਕ ਹਾਦਸਿਆਂ ਦੀ ਸੰਭਾਵਨਾ ਵਧਣ ਲੱਗ ਜਾਂਦੀ ਹੈ। ਧੂੜ ਘੱਟੇ ਦੇ ਕਾਰਨ ਠੀਕ ਤਰ੍ਹਾਂ ਦਿਖਾਈ ਨਹੀਂ ਦਿੰਦਾ। ਅਜਿਹੇ 'ਚ ਉਹ ਰਸਤੇ 'ਚ ਖੜ੍ਹੇ ਕਿਸੇ ਵਾਹਨ ਨਾਲ ਟਕਰਾ ਜਾਂਦੇ ਹਨ । ਇਸੇ ਤਰ੍ਹਾਂ ਇਤਿਹਾਸਕ ਨਗਰੀ ਸੁਲਤਾਨਪੁਰ ਲੋਧੀ ਤੋਂ ਵਾਇਆ ਡੱਲਾ ਸੜਕ ਤੇ ਬਣੇ ਗੁਦਾਮ ਵਿੱਚ ਢੂਆ ਢੁਆਈ ਲਈ ਜਾਂਦੇ ਟਰੱਕ ਸੜਕ ਤੇ ਖੜ੍ਹੇ ਰਹਿੰਦੇ ਹਨ ਅਤੇ ਹਾਦਸਿਆਂ ਨੂੰ ਸੱਦਾ ਦੇ ਰਹੇ ਹਨ। ਸਵੇਰੇ ਸਵੇਰੇ ਆਮ ਲੋਕਾਂ ਨੇ ਕੰਮਾਂ ਕਾਰਾਂ ਤੇ ਜਾਣਾ ਹੁੰਦਾ ਅਤੇ ਸਕੂਲ ਜਾਣ ਵਾਲੇ ਬੱਚਿਆਂ ਦੀਆਂ ਵੀ ਬੱਸਾਂ ਗੱਡੀਆਂ ਇੱਥੋ ਦੀ ਹੀ ਜਾਂਦੀਆਂ ਹਨ। ਜਿਸ ਕਰਕੇ ਇਲਾਕੇ ਭਰ ਦੇ ਲੋਕਾਂ ਲਈ ਵੱਡੀ ਸਮੱਸਿਆ ਪੈਦਾ ਕਰ ਦਿੱਤੀ ਹੈ। ਇਹ ਗੁਦਾਮ ਵਿੱਚ ਪਹੁੰਚਦੇ ਟਰੱਕਾਂ ਅਤੇ ਹੋਰ ਵਾਹਨਾਂ ਦੀਆਂ ਲਾਈਨਾਂ ਦੂਰ ਦੂਰ ਤੱਕ ਲੱਗ ਜਾਂਦੀਆਂਹਨ। ਜਿਸ ਕਾਰਨ ਕਈ ਸੜਕਾਂ ਦੀ ਆਵਾਜਾਈ ਪ੍ਰਭਾਵਿਤ ਹੋ ਜਾਂਦੀ ਹੈ। ਇਹਨਾਂ ਦਿਨਾਂ ਵਿੱਚ ਤਾ ਕਣਕ ਦਾ ਸੀਜ਼ਨ ਹੋਣ ਕਰਕੇ ਕਈ ਵਾਰੀ ਇਹ ਸਮੱਸਿਆ ਏਨੀ







ਜ਼ਿਆਦਾ ਗੰਭੀਰ ਬਣ ਜਾਂਦੀ ਹੈ ਕਿ ਵਾਹਨਾਂ ਦੀਆਂ ਲਾਈਨਾਂ ਸੜਕ ਜਾਮ ਕਰਕੇ ਡੱਲੇ ਤੱਕ ਵੀ ਪਹੁੰਚ ਜਾਂਦੀਆਂ ਹਨ। ਪਿਛਲੇ ਕੁਝ ਦਿਨਾਂ ਤੋਂ ਵੱਡੀ ਮਾਤਰਾ 'ਚ ਕਣਕ ਦੀਆਂ ਬੋਰੀਆਂ ਨਾਲ ਲੱਦੇ ਟਰੱਕ ਅਤੇ ਟਰੈਕਟਰ-ਟਰਾਲੀਆਂ ਦੀਆਂ ਲੰਮੀਆਂ ਕਤਾਰਾਂ ਲੱਗੀਆਂ ਹੋਣ ਕਰਕੇ ਸੜਕ ਉਪਰ ਆਵਾਜਾਈ ਸਮੱਸਿਆ ਖੜੀ ਹੋ ਗਈ ਹੈ। ਟਰੱਕ ਅਤੇ ਟਰੈਕਟਰ-ਟਰਾਲੀਆਂ ਖੜਨ ਨਾਲ ਸੜਕ ਦਾ ਬਚਦਾ ਹਿੱਸਾ ਘੱਟ ਚੌੜਾ ਹੋਣ ਕਾਰਨ ਦੋਹਾਂ ਪਾਸਿਆਂ ਤੋਂ ਆਉਣ ਵਾਲੇ ਵਹੀਕਲਾਂ ਨੂੰ ਵੱਡੀ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜੋ



ਕਿ ਹਾਦਸਿਆਂ ਦਾ ਕਾਰਨ ਬਣ ਰਿਹਾ ਹੈ। ਪਿਛਲੇ ਸਮੇਂ ਦੌਰਾਨ ਇੱਥੇ ਇਕ ਹਾਦਸਾ ਹੋਇਆ ਸੀ ਜਿਸ ਵਿੱਚ ਮੋਟਰਸਾਈਕਲ ਸਵਾਰ ਦੀ ਮੌਤ ਹੋ ਗਈ ਸੀ। ਇਸ ਹਾਦਸੇ ਦਾ ਮੁੱਖ ਕਾਰਨ ਵੀ ਉਲਝੀ ਹੋਈ ਆਵਾਜਾਈ ਹੀ ਸੀ। ....

**ਇਲਾਕੇ ਦੇ ਲੋਕਾਂ ਨੇ ਚੁੱਕੀ ਆਵਾਜ਼**

ਇਸ ਸਭ ਤੋਂ ਪਰੇਸ਼ਾਨ ਇਲਾਕੇ ਦੇ ਲੋਕਾਂ ਨੇ ਮੰਗ ਹੈ ਕਿ ਵਾਰੀ ਦੀ ਉਡੀਕ ਵਿੱਚ ਖੜੇ ਵਹੀਕਲਾਂ ਲਈ ਵੱਖਰਾ ਸੜਕੀ ਖੇਤਰ ਬਣਾਇਆ ਜਾਵੇ ਅਤੇ ਇਸਦਾ ਕੋਈ ਸਾਰਥਿਕ ਹੱਲ ਕੱਢਿਆ ਜਾਵੇ। ਉਨ੍ਹਾਂ ਖ਼ਦਸ਼ਾ ਜਾਹਿਰ ਕੀਤਾ ਕਿ ਕਣਕ ਆਦਿ ਨਾਲ ਲੱਦੇ ਟਰੱਕ-ਟਰਾਲੀਆਂ ਦੀ ਵਜ੍ਹਾ ਨਾਲ ਇਹ ਸੜਕ ਬਹੁਤ ਹੀ ਜਲਦੀ ਟੁੱਟ ਜਾਵੇਗੀ ਅਤੇ ਆਮ ਦਿਨਾਂ ਅੰਦਰ ਵੀ ਆਵਾਜਾਈ ਪ੍ਰਭਾਵਿਤ ਰਹੇਗੀ।

ਲੋਕਾਂ ਕਿਹਾ ਕਿ ਇਹ ਸਮੱਸਿਆ ਵਾਕਿਆ ਹੀ ਗੰਭੀਰ ਹੈ ਅਤੇ ਇਸ ਦਾ ਹੱਲ ਜਲਦ ਤੋਂ ਜਲਦ ਕੀਤਾ ਜਾਣਾ ਚਾਹੀਦਾ ਹੈ।

**ਓਵਰਲੋਡ ਅਤੇ ਵੱਡੇ ਵਾਹਨ ਵੀ ਹਾਦਸਿਆਂ ਦਾ ਕਾਰਨ ਬਣਦੇ ਹਨ** ਸਮਾਜ ਸੇਵੀ ਸੁਰਜੀਤ ਸਿੰਘ, ਅਮਰਜੀਤ ਸਿੰਘ, ਗੁਰਜੀਤ ਸਿੰਘ, ਤੇਜਵੀਰ ਸਿੰਘ, ਸੁਰਜੀਤ ਸਿੰਘ, ਬਲਵਿੰਦਰ ਸਿੰਘ ਨੇ ਦੱਸਿਆ ਕਿ ਅਕਸਰ ਓਵਰਲੋਡ ਵਾਹਨ ਸੜਕਾਂ 'ਤੇ ਖੜ੍ਹੇ ਦੇਖੇ ਜਾ ਸਕਦੇ ਹਨ। ਇਨ੍ਹਾਂ ਵਿੱਚ ਓਵਰਲੋਡ ਟਰੱਕਾਂ ਦੇ ਨਾਲ-ਨਾਲ ਫੱਕ ਵਾਲੀਆਂ ਟਰਾਲੀਆਂ ਵੀ ਸ਼ਾਮਲ ਹਨ ਪਰ ਪੁਲਿਸ ਵਿਭਾਗ ਪਤਾ ਨਹੀਂ ਕਿਉਂ ਇਨ੍ਹਾਂ ਖਿਲਾਫ਼ ਸਖ਼ਤ ਕਾਰਵਾਈ ਨਹੀਂ ਕਰਦਾ , ਜਿਸ ਕਾਰਨ ਅਜਿਹੇ ਵਾਹਨ ਬਿਨਾਂ ਕਿਸੇ ਕਾਰਨ ਦੇ ਸੜਕਾਂ 'ਤੇ ਖੜ੍ਹੇ ਹਨ ਅਤੇ ਸੜਕ ਹਾਦਸਿਆਂ ਦਾ ਕਾਰਨ ਬਣਦੇ ਹਨ। ਇਇ ਸਬੰਧੀ ਸੁਲਤਾਨਪੁਰ ਲੋਧੀ ਦੇ ਪੁਲਿਸ ਪ੍ਰਸ਼ਾਸਨ ਨੂੰ ਕਈ ਵਾਰ ਬੇਨਤੀ ਕੀਤੀ ਜਾ ਚੁੱਕੀ ਹੈ ਕਿ ਸੜਕ ਤੇ ਖੜੇ ਨਜਾਇਜ਼ ਟਰੱਕ ਹਟਾ ਦਿੱਤੇ ਜਾਣ ਪਰ ਪੁਲਿਸ ਨੇ ਕਦੇ ਵੀ ਇਸ ਵਾਰੇ ਕੋਈ ਕਾਰਵਾਈ ਕੀਤੀ।



# ਬਾਬਾ ਖਾਟੂ ਸ਼ਾਮ ਜੀ ਦਾ ਸੰਕੀਰਤਨ ਸੈਕਟਰ 80 ਵਿਖੇ ਕਰਵਾਇਆ ,ਅਟੁਟ ਭੰਡਾਰੇ ਦਾ ਵੀ ਆਯੋਜਨ ਕੀਤਾ ਗਿਆ







**ਮੋਹਾਲੀ (ਰੀਤਿਸ਼ ਕੁਮਾਰ )** ਸ਼੍ਰੀ ਸਨਾਤਨ ਧਰਮ ਮੰਦਿਰ ਸੈਕਟਰ 79 ਮੋਹਾਲੀ ਦੇ ਪ੍ਰਧਾਨ ਪ੍ਰੇਮ ਸਾਗਰ ਗੁਪਤਾ ਦੇ ਸਹਿਯੋਗ ਨਾਲ ਸੈਕਟਰ 80 ਸਥਿਤ ਗੋਲਡਨ ਟਾਊਨ ਸੋਸਾਇਟੀ ਵਿੱਚ ਇਕ ਸ਼ਾਮ ਖਾਟੂ ਸ਼ਿਆਮ ਬਾਬਾ ਜੀ ਦੇ ਨਾਮ ਤਰਸੇਮ ਗੁਪਤਾ ਅਤੇ ਵੈਸ਼ਾਲੀ ਗੁਪਤਾ ਵਲੋਂ ਪ੍ਰਬੰਧਨ ਕਰਵਾਇਆ ਗਿਆ . ਮੌਕੇ ਤੇ ਭਗਤਾਂ ਨੇ ਵੱਧ ਚੜਕੇ ਖਾਟੂ ਬਾਬਾ ਜੀ ਦਾ ਅਸ਼ੀਰਵਾਦ ਗ੍ਰਹਿਣ ਕੀਤਾ . ਮਸ਼ਹੂਰ ਭਜਨ ਗਾਇਕ ਹੇਮੰਤ ਅਗਰਵਾਲ ਅਤੇ ਟੀਮ ਵਲੋਂ ਭਜਨ ਗਾਇਨ ਨਾਲ ਸਮਾਂ ਬਣਕੇ ਰੱਖਿਆ ਅਤੇ ਸ਼ਰਧਾਲੂਆਂ ਨੇ ਭਜਨਾ ਉੱਤੇ ਨੱਚਕੇ, ਤਾੜੀਆਂ ਮਾਰਕੇ ਖਾਟੂ ਸ਼ਿਆਮ ਬਾਬਾ ਜੀ ਦੇ ਸੰਕੀਰਤਨ ਦਾ ਆਨੰਦ ਲੀਤਾ . ਪ੍ਰਬੰਧਕ ਪਰਿਵਾਰ ਤਰਸੇਮ ਗੁਪਤਾ ਅਤੇ ਪਤਨੀ ਵੈਸ਼ਾਲੀ ਗੁਪਤਾ ਵਲੋਂ ਸ਼ਰਧਾਲੂਆਂ ਲਈ ਅਟੁੱਟ ਭੰਡਾਰੇ ਦਾ ਆਯੋਜਨ ਵੀ ਕੀਤਾ ਗਿਆ ਅਤੇ ਫਲ ਤੇ ਲੱਡੂਆਂ ਦਾ ਪ੍ਰਸਾਦ ਵੀ ਵਰਤਾਇਆ ਗਿਆ . ਇਸ ਮੌਕੇ ਸ਼੍ਰੀ ਸਨਾਤਨ ਧਰਮ ਮੰਦਿਰ ਸੈ.79 ਦੇ ਪ੍ਰਧਾਨ ਪ੍ਰੇਮ ਸਾਗਰ ਗੁਪਤਾ, ਪ੍ਰਬੰਧਕ ਤਰਸੇਮ ਗੁਪਤਾ ਅਤੇ ਉਹਨ੍ਹਾਂ ਦੀ ਪਤਨੀ ਵੈਸ਼ਾਲੀ ਗੁਪਤਾ, ਸਿਲਕੀ, ਤੇਜਿੰਦਰ ਸਿੰਘ, ਇੰਦਰਜੀਤ ਗਰਗ, ਅਨੂ ਗਰਗ, ਸੁਰਿੰਦਰਪਾਲ ਸਿੰਘ, ਪਿੰਕੀ, ਰਾਜਦੀਪ ਗਿੱਲ, ਛੱਵੀ, ਹਰਪ੍ਰੀਤ ਸੱਚਦੇਵਾ, ਸ਼ਾਲੂ ਸੱਚਦੇਵਾ, ਰਾਜੀਵ ਸੱਗਰ, ਜਯੋਤੀ ਸੱਗਰ,ਗੁਰਦਿਆਲ ਸਿੰਘ,ਹਰਜਿੰਦਰ ਕੌਰ, ਮਹਿੰਦਰ ਕੌਰ, ਕਮਲ ਸਿੰਘ, ਜਸਪਾਲ ਕੌਰ, ਧਰਮਪਾਲ ਗੋਇਲ, ਮੌਧਨਪਾਲ ਸਿੰਘ, ਗੁਰਮੀਤ ਸਿੰਘ, ਐਸ.ਕੇ.ਭੱਟੀ ਅਤੇ ਸ਼੍ਰੀ ਸਨਾਤਨ ਧਰਮ ਮੰਦਿਰ ਦੇ ਕਮੇਟੀ ਮੇਂਬਰ ਤੇ ਅਹੁਦੇਦਾਰ ਆਦਿ ਮਾਜੂਦ ਰਹੇ ।

# ਵਿਦਿਆਰਥੀਆਂ ਲਈ ਪਾਰਟ-ਟਾਈਮ ਨੌਕਰੀਆਂ ਦੀ ਮਹੱਤਤਾ ਵਿਜੈ ਗਰਗ

ਹਰ ਕੰਮ ਦਾ ਕੋਈ ਨਾ ਕੋਈ ਮਕਸਦ ਹੁੰਦਾ ਹੈ ਅਤੇ ਹਰ ਕਿਸੇ ਦੇ ਜੀਵਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਪੂਰੇ ਦੇਸ਼ ਵਿੱਚ ਵਿਦਿਆਰਥੀ ਸੈਂਕੜੇ ਯੂਨੀਵਰਸਿਟੀਆਂ ਅਤੇ ਕਾਲਜਾਂ ਵਿੱਚ ਕਲਾਸਾਂ ਵਿੱਚ ਦਾਖਲ ਹੁੰਦੇ ਹਨ ਤਾਂ ਜੋ ਉਹ ਇੱਕ ਦਿਨ ਆਪਣੀ ਇੱਛਾ ਅਨੁਸਾਰ ਨੌਕਰੀ ਪ੍ਰਾਪਤ ਕਰ ਸਕਣ। ਕੰਮ ਕਰਨਾ ਇਹ ਹੈ ਕਿ ਅਸੀਂ ਬਿਲਾਂ ਦਾ ਭੁਗਤਾਨ ਕਿਵੇਂ ਕਰਾਂਗੇ, ਆਪਣਾ ਸਮਰਥਨ ਕਿਵੇਂ ਕਰਾਂਗੇ ਅਤੇ ਭਵਿੱਖ ਵਿੱਚ ਬਸ ਗੁਜ਼ਾਰਾ ਕਰਾਂਗੇ। ਬਹੁਤ ਸਾਰੇ ਕਾਲਜ ਦੀ ਉਮਰ ਦੇ ਸਿਖਿਆਰਥੀਆਂ ਕੋਲ ਪਾਰਟ-ਟਾਈਮ ਨੌਕਰੀਆਂ ਹਨ; ਉਹਨਾਂ ਕੋਲ ਇਹ ਨੌਕਰੀਆਂ ਹੋਣ ਦਾ ਕਾਰਨ ਭਵਿੱਖ ਦੀ ਨੌਕਰੀ ਲਈ ਤਜਰਬਾ ਪ੍ਰਾਪਤ ਕਰਨ ਤੋਂ ਵੱਖਰਾ ਹੋ ਸਕਦਾ ਹੈ ਜੋ ਉਹਨਾਂ ਨੂੰ ਕਾਲਜ ਦੁਆਰਾ ਭੁਗਤਾਨ ਕਰਨ ਲਈ ਨੌਕਰੀ ਦੀ ਲੋੜ ਹੈ। ਮੈਂ ਨਿੱਜੀ ਤੌਰ 'ਤੇ ਪਾਰਟ-ਟਾਈਮ ਨੌਕਰੀ ਨੂੰ ਉਸ ਨੌਕਰੀ ਲਈ ਇੱਕ ਮਹੱਤਵਪੂਰਨ ਕਦਮ ਦੇ ਰੂਪ ਵਿੱਚ ਦੇਖਦਾ ਹਾਂ ਜਿਸ ਲਈ ਤੁਸੀਂ ਕਾਲਜ ਜਾ ਰਹੇ ਹੋ। ਇੱਕ ਪਾਰਟ-ਟਾਈਮ ਨੌਕਰੀ ਸਿੱਧੇ ਤੌਰ 'ਤੇ ਉਸ ਖੇਤਰ ਨਾਲ ਸਬੰਧਤ ਨਹੀਂ ਹੋ ਸਕਦੀ ਜਿਸ ਵਿੱਚ ਤੁਸੀਂ ਦਿਲਚਸਪੀ ਰੱਖਦੇ ਹੋ, ਨੌਕਰੀ ਦੇ ਪਹਿਲੂ ਤੁਹਾਨੂੰ ਤਜਰਬਾ ਹਾਸਲ ਕਰਨ ਅਤੇ ਭਵਿੱਖ ਦੇ ਮਾਲਕਾਂ ਲਈ ਵਧੀਆ ਦਿਖਣ ਵਿੱਚ ਮਦਦ ਕਰ ਸਕਦੇ ਹਨ। ਪਾਰਟ-ਟਾਈਮ ਨੌਕਰੀ ਵਿੱਚ ਫੁੱਲ-ਟਾਈਮ ਨੌਕਰੀ ਨਾਲੋਂ ਹਫ਼ਤੇ ਵਿੱਚ ਘੱਟ ਘੰਟੇ ਕੰਮ ਕਰਨਾ ਸ਼ਾਮਲ ਹੁੰਦਾ ਹੈ। ਅਕਸਰ, ਪਾਰਟ-ਟਾਈਮ ਨੌਕਰੀਆਂ ਵਿੱਚ ਸ਼ਿਫਟਾਂ ਵਿੱਚ ਕੰਮ ਕਰਨਾ ਸ਼ਾਮਲ ਹੁੰਦਾ ਹੈ। ਇਹ ਸ਼ਿਫਟਾਂ ਆਮ ਤੌਰ 'ਤੇ ਦੂਜੇ ਪਾਰਟ-ਟਾਈਮ ਕਰਮਚਾਰੀਆਂ ਦੇ ਨਾਲ ਘੁੰਮਦੀਆਂ ਹਨ। ਮੇਰੇ ਦ੍ਰਿਸ਼ਟੀਕੋਣ ਵਿੱਚ, ਪਾਰਟ-ਟਾਈਮ ਕੰਮ ਕਰਨ ਦੀ ਚੋਣ ਚਾਰ ਮੁੱਖ ਵਿਚਾਰਾਂ ਤੋਂ ਬਾਅਦ ਕੀਤੀ ਜਾਂਦੀ ਹੈ: ਨਿੱਜੀ ਚੋਣ, ਵਿੱਤੀ ਤਰਜੀਹਾਂ, ਹੁਨਰਾਂ ਕੋਲ/ਲੋੜੀਂਦਾ, ਦਾਨ ਅਤੇ ਯੋਗਦਾਨ। ਪਾਰਟ-ਟਾਈਮ ਨੌਕਰੀ ਦੀ ਮਹੱਤਤਾ ਅਸੀਂ ਸਾਰੇ ਜਾਣਦੇ ਹਾਂ ਕਿ ਕਾਲਜ ਜਾਣਾ ਮਹਿੰਗਾ ਹੈ ਅਤੇ ਬਹੁਤ ਸਾਰੇ ਵਿਦਿਆਰਥੀ ਟਿਊਸ਼ਨ ਫੀਸ ਅਤੇ ਕਾਲਜ ਦੇ ਹੋਰ ਖਰਚਿਆਂ ਨੂੰ ਪੂਰਾ ਕਰਨ ਵਿੱਚ ਮਦਦ ਕਰਨ ਲਈ ਪਾਰਟ-ਟਾਈਮ ਨੌਕਰੀ ਵੱਲ ਮੁੜਦੇ ਹਨ। ਕਾਲਜ ਵਿੱਚ ਕੰਮ ਕਰਨਾ ਕੁਝ ਲਈ ਇੱਕ ਲੋੜ ਹੈ ਅਤੇ ਦੂਜਿਆਂ ਲਈ ਪੈਸਾ ਖਰਚ ਕਰਨ ਦਾ ਇੱਕ ਤਰੀਕਾ ਹੈ। ਪਾਰਟ-ਟਾਈਮ ਨੌਕਰੀ ਹੋਣ ਨਾਲ ਵਿਦਿਆਰਥੀ ਨੂੰ ਬਹੁਤ ਸਾਰੇ ਹੁਨਰ ਸਿੱਖਣ ਵਿੱਚ ਮਦਦ ਮਿਲੇਗੀ ਜੋ ਸ਼ਾਇਦ ਉਨ੍ਹਾਂ ਨੂੰ ਸਕੂਲ ਜਾਂ ਕਾਲਜ ਵਿੱਚ ਸਿੱਖਣ ਦਾ ਮੌਕਾ ਨਾ ਮਿਲੇ। ਕਾਰਨ ਜੋ ਵੀ ਹੋਵੇ, ਕਾਲਜ ਜਾਂਦੇ ਸਮੇਂ ਕੰਮ ਕਰਨ ਨਾਲ ਜੁੜੇ ਬਹੁਤ ਸਾਰੇ ਫਾਇਦੇ ਹਨ ਜਿਵੇਂ ਕਿ ਹੇਠਾਂ ਚਰਚਾ ਕੀਤੀ ਗਈ ਹੈ। ਸਥਿਰ ਨਕਦ ਪ੍ਰਵਾਹ: ਹਾਲਾਂਕਿ ਸਪੱਸ਼ਟ ਹੈ, ਇਹ ਕਾਲਜ ਜਾਂ ਸਕੂਲ ਵਿੱਚ ਪਾਰਟ-ਟਾਈਮ ਕੰਮ ਕਰਨ ਦੇ ਸਭ ਤੋਂ ਵੱਡੇ ਲਾਭਾਂ ਵਿੱਚੋਂ ਇੱਕ ਹੈ। ਇੱਕ ਸਥਿਰ ਆਮਦਨ ਹੋਣ ਨਾਲ ਤੁਸੀਂ ਟਿਊਸ਼ਨ ਫੀਸਾਂ ਦਾ ਭੁਗਤਾਨ ਕਰ ਸਕਦੇ ਹੋ ਜਾਂ ਭਾਵੇਂ ਇਹ ਕਿਰਾਏ ਲਈ ਭੁਗਤਾਨ ਕਰਨ ਲਈ ਹੋਵੇ ਜਾਂ ਸਿਰਫ਼ ਵਾਧੂ ਕਰਿਆਨੇ ਦੇ ਪੈਸੇ ਪ੍ਰਾਪਤ ਕਰਨ ਲਈ ਹੋਵੇ। ਇਸ ਤਰ੍ਹਾਂ ਪਾਰਟ-ਟਾਈਮ ਨੌਕਰੀ ਕਰਨਾ ਤੁਹਾਡੀ ਆਮਦਨੀ ਨੂੰ ਪੂਰਕ ਕਰਕੇ ਤੁਹਾਡੀ ਮਦਦ ਕਰ ਸਕਦਾ ਹੈ। ਹਾਲਾਂਕਿ ਆਪਣਾ ਸਾਰਾ ਪੈਸਾ ਖਰੀਦਦਾਰੀ 'ਤੇ ਖਰਚ ਕਰਨਾ ਚੰਗਾ ਹੈ ਜਾਂ ਕਿਸੇ ਹੋਰ ਮਹੱਤਵਪੂਰਨ ਚੀਜ਼ ਲਈ ਉਸ ਪੈਸੇ ਨੂੰ ਬਚਾਉਣਾ ਇੱਕ ਬਿਹਤਰ ਭਾਵਨਾ ਹੈ। ਆਮਦਨੀ ਦਾ ਵਾਧੂ ਸਰੋਤ ਹੋਣਾ ਬਹੁਤ ਵਧੀਆ ਹੈ ਜਦੋਂ ਤੁਹਾਡੇ ਕੋਲ ਅਜਿਹੇ ਖਰਚੇ ਹਨ। ਇੱਥੋਂ ਤੱਕ ਕਿ, ਤੁਸੀਂ ਇਸ ਰਕਮ ਦੀ ਵਰਤੋਂ ਜ਼ਿੰਦਗੀ ਦਾ ਥੋੜਾ ਹੋਰ ਆਨੰਦ ਲੈਣ ਲਈ ਕਰ ਸਕਦੇ ਹੋ, ਜਾਂ ਤਾਂ ਖਰੀਦਦਾਰੀ ਕਰਕੇ, ਬਾਹਰ ਜਾ ਕੇ ਜਾਂ ਕਿਸੇ ਉਪਯੋਗੀ ਚੀਜ਼ ਵੱਲ ਇਸ ਨੂੰ ਲਗਾ ਕੇ। ਚੀਜ਼ਾਂ ਆਪਣੇ ਆਪ ਖਰੀਦਣ ਦੀ ਯੋਗਤਾ ਤੁਹਾਨੂੰ ਸੁਤੰਤਰਤਾ ਦੀ ਨਵੀਂ ਭਾਵਨਾ ਪ੍ਰਦਾਨ ਕਰੇਗੀ। ਤੁਸੀਂ ਪੈਸਾ ਪ੍ਰਬੰਧਨ ਦੀ ਮਹੱਤਤਾ ਸਿੱਖੋਗੇ. ਜਦੋਂ ਤੁਸੀਂ ਆਪਣਾ ਪੈਸਾ ਕਮਾਉਣਾ ਸ਼ੁਰੂ ਕਰਦੇ ਹੋ, ਤਾਂ ਤੁਸੀਂ ਇਸ ਨੂੰ ਸੰਭਾਲਣ ਦੇ ਤਰੀਕੇ ਦੀ ਬਿਹਤਰ ਸਮਝ ਪ੍ਰਾਪਤ ਕਰੋਗੇ। ਆਪਣੇ ਪੈਸੇ ਲਈ ਸਖ਼ਤ ਮਿਹਨਤ ਕਰਨ ਨਾਲ ਤੁਹਾਨੂੰ ਮਹੱਤਵਪੂਰਨ ਨਿੱਜੀ ਵਿੱਤ ਪਾਠਾਂ ਦੀ ਕਦਰ ਕਰਨ ਵਿੱਚ ਮਦਦ ਮਿਲੇਗੀ ਜਿਵੇਂ ਕਿ ਬਜਟ ਦੇ ਲਾਭ ਅਤੇ ਬੱਚਤ ਅਤੇ ਆਰਥਿਕ ਹੋਣ ਦੀ ਮਹੱਤਤਾ। ਉਪਯੋਗੀ ਹੁਨਰ ਵਿਕਸਿਤ ਕਰੋ: ਇੱਥੇ ਕੁਝ ਚੀਜ਼ਾਂ ਜਾਂ ਹੁਨਰ ਹਨ, ਜੋ ਕਾਲਜ ਜਾਂ ਯੂਨੀਵਰਸਿਟੀ ਨਹੀਂ ਸਿਖਾ ਸਕਦੇ ਹਨ। ਨੌਕਰੀ 'ਤੇ ਕੰਮ ਕਰਨਾ ਨੌਜਵਾਨਾਂ ਨੂੰ ਹੁਨਰਾਂ ਨੂੰ ਵਿਕਸਿਤ ਕਰਨ ਵਿੱਚ ਮਦਦ ਕਰ ਸਕਦਾ ਹੈ, ਜਿਵੇਂ ਕਿ ਪ੍ਰਤੀਬੱਧਤਾ, ਸਮਾਂ-ਪ੍ਰਬੰਧਨ, ਟੀਮ ਵਰਕ, ਲੀਡਰਸ਼ਿਪ, ਗਾਹਕ ਸੇਵਾ, ਸੰਚਾਰ ਅਤੇ ਸੰਗਠਨ, ਸਮੱਸਿਆ-ਹੱਲ ਕਰਨਾ, ਮਾਰਕੀਟਿੰਗ ਅਤੇ ਹੋਰ ਭਾਗ ਜੋ ਉਹਨਾਂ ਦੇ ਕਰੀਅਰ ਦੌਰਾਨ ਕਿਸੇ ਦੀ ਮਦਦ ਕਰਦੇ ਹਨ। ਪਾਰਟ-ਟਾਈਮ ਨੌਕਰੀ ਹੋਣ ਨਾਲ ਤੁਹਾਨੂੰ ਸਮੇਂ ਦੀ ਪਾਬੰਦਤਾ ਸਮੇਤ ਕਈ ਤਰ੍ਹਾਂ ਦੇ ਹੁਨਰ ਹਾਸਲ ਕਰਨ ਵਿੱਚ ਮਦਦ ਮਿਲੇਗੀ। ਤੁਸੀਂ ਅਸਲ ਵਿੱਚ ਇਹਨਾਂ ਚੀਜ਼ਾਂ ਦਾ ਆਪਣੇ ਸੀਵੀ ਜਾਂ ਰੈਜ਼ਿਊਮੇ ਵਿੱਚ ਜ਼ਿਕਰ ਕਰ ਸਕਦੇ ਹੋ, ਕਿਉਂਕਿ ਇਹ ਦਰਸਾਉਂਦਾ ਹੈ ਕਿ ਤੁਹਾਡੇ ਕੋਲ ਤਬਾਦਲੇ ਯੋਗ ਹੁਨਰ ਹਨ। ਜਦੋਂ ਤੁਸੀਂ ਆਪਣਾ ਸੀਵੀ ਲਿਖਦੇ ਜਾਂ ਅੱਪਡੇਟ ਕਰਦੇ ਹੋ, ਇਹ ਦਿਖਾਉਂਦੇ ਹੋਏ ਕਿ ਤੁਸੀਂ ਰੁਜ਼ਗਾਰ ਵਿੱਚ ਰਹੇ ਹੋ, ਚੰਗਾ ਲੱਗੇਗਾ ਅਤੇ ਤੁਹਾਡੇ ਹੱਕ ਵਿੱਚ ਕੰਮ ਕਰੇਗਾ। ਇਹ ਤੁਹਾਡੀ ਮਦਦ ਕਰੇਗਾਜਦੋਂ ਤੁਸੀਂ ਆਪਣੀ ਗ੍ਰੈਜੂਏਟ ਨੌਕਰੀ ਲਈ ਅਰਜ਼ੀ ਦੇ ਰਹੇ ਹੋ, ਕਿਉਂਕਿ ਤੁਹਾਡਾ ਕੰਮ ਤੁਹਾਡੇ ਲਈ ਇੱਕ ਸੰਦਰਭ ਵਜੋਂ ਕੰਮ ਕਰ ਸਕਦਾ ਹੈ। ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਤੁਸੀਂ ਇੱਕ ਸਰਵਰ ਵਜੋਂ ਕੰਮ ਕਰ ਰਹੇ ਲੇਖਾਕਾਰੀ ਪੇਸ਼ੇਵਰ ਹੋ ਜਾਂ ਗਾਹਕ ਸੇਵਾ ਵਿੱਚ ਕੰਮ ਕਰ ਰਹੇ ਕੰਪਿਊਟਰ ਵਿਗਆਨ ਪੇਸ਼ੇਵਰ ਹੋ। ਕਾਲਜ ਵਿੱਚ ਤੁਹਾਡੀ ਕੋਈ ਵੀ ਪਾਰਟ-ਟਾਈਮ ਨੌਕਰੀ ਤੁਹਾਨੂੰ ਵਿਹਾਰਕ ਨੌਕਰੀ ਦੇ ਹੁਨਰ ਸਿਖਾ ਰਹੀ ਹੈ ਜੋ ਤੁਸੀਂ ਗ੍ਰੈਜੂਏਸ਼ਨ ਤੋਂ ਬਾਅਦ ਆਪਣੀ ਫੁੱਲ-ਟਾਈਮ ਨੌਕਰੀ ਵਿੱਚ ਵਰਤੋਗੇ। ਇੱਕ ਟੀਮ ਵਿੱਚ ਕੰਮ ਕਰਨਾ ਸਿੱਖਣਾ, ਸਮੱਸਿਆਵਾਂ ਨੂੰ ਹੱਲ ਕਰਨਾ, ਪੇਸ਼ੇਵਰ ਹੋਣਾ, ਅਤੇ ਪ੍ਰਭਾਵਸ਼ਾਲੀ ਢੰਗ ਨਾਲ ਸੰਚਾਰ ਕਰਨਾ ਤੁਹਾਡੇ ਭਵਿੱਖ ਦੇ ਕਰੀਅਰ ਵਿੱਚ ਤੁਹਾਡੀ ਬਹੁਤ ਮਦਦ ਕਰੇਗਾ ਅਤੇ ਤੁਹਾਨੂੰ ਬਹੁਤ ਦੂਰ ਲੈ ਜਾਵੇਗਾ। ਸਮਾਂ ਪ੍ਰਬੰਧਨ: ਤੁਸੀਂ ਖੋਜ ਕਰੋਗੇ ਕਿ ਆਪਣੇ ਸਮੇਂ ਨੂੰ ਹੋਰ ਕੁਸ਼ਲਤਾ ਨਾਲ ਕਿਵੇਂ ਪ੍ਰਬੰਧਿਤ ਕਰਨਾ ਹੈ। ਪਾਰਟ-ਟਾਈਮ ਨੌਕਰੀ ਦੇ ਨਾਲ ਆਉਣ ਵਾਲੇ ਖਾਲੀ ਸਮੇਂ ਵਿੱਚ ਕਮੀ ਦੇ ਨਾਲ, ਇਹ ਤੁਹਾਡੇ ਸਮੇਂ ਦੇ ਪ੍ਰਬੰਧਨ ਦੇ ਹੁਨਰਾਂ ਵਿੱਚ ਆਪਣੇ ਆਪ ਸੁਧਾਰ ਕਰੇਗਾ। ਤੁਸੀਂ ਸਿੱਖੋਗੇ ਕਿ ਆਪਣੇ ਸਮੇਂ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਕਿਵੇਂ ਵਰਤਣਾ ਹੈ, ਜਿਵੇਂ ਕਿ ਤੁਹਾਡੇ ਯਾਤਰਾ ਸਮੇਂ ਦੌਰਾਨ ਅਸਾਈਨਮੈਂਟਾਂ ਨੂੰ ਪੂਰਾ ਕਰਨਾ ਜਾਂ ਪੜ੍ਹਨਾ। ਤੁਸੀਂ ਹੋਰ ਸੰਗਠਿਤ ਹੋਣ ਦੇ ਮਹੱਤਵ ਬਾਰੇ ਵੀ ਸਿੱਖੋਗੇ। ਇਹ ਮੁਸ਼ਕਲ ਲੱਗ ਸਕਦਾ ਹੈ, ਪਰ ਇਹ ਇੱਕ ਹੁਨਰ ਹੈ ਜੋ ਜੇਕਰ ਸੰਪੂਰਨ ਹੋ ਜਾਵੇ, ਤਾਂ ਤੁਹਾਡੀ ਆਉਣ ਵਾਲੀ ਜ਼ਿੰਦਗੀ ਵਿੱਚ ਤੁਹਾਡੀ ਮਦਦ ਕਰੇਗਾ। ਇਹ ਬੇਸ਼ੱਕ ਆਸਾਨ ਨਹੀਂ ਹੈ, ਪਰ ਜਿੰਨਾ ਜ਼ਿਆਦਾ ਤੁਸੀਂ ਇਸ ਨੂੰ ਕਰਨ ਦੀ ਆਦਤ ਪਾਓਗੇ, ਇਹ ਲੰਬੇ ਸਮੇਂ ਵਿੱਚ ਤੁਹਾਡੀ ਮਦਦ ਕਰੇਗਾ। ਤੁਹਾਨੂੰ ਇਹ ਸਿੱਖਣ ਦੀ ਜ਼ਰੂਰਤ ਹੁੰਦੀ ਹੈ ਕਿ ਜਦੋਂ ਤੁਸੀਂ ਸਕੂਲ ਜਾਂਦੇ ਸਮੇਂ ਕੰਮ ਕਰ ਰਹੇ ਹੁੰਦੇ ਹੋ ਤਾਂ ਕੁਝ ਚੀਜ਼ਾਂ ਨੂੰ ਕਿਵੇਂ ਤਹਿ ਕਰਨਾ ਅਤੇ ਉਹਨਾਂ ਨੂੰ ਮਹੱਤਵ ਦੇਣਾ ਹੈ। ਇਹ ਤੁਹਾਨੂੰ ਸਿਖਾਏਗਾ ਕਿ ਤੁਹਾਡੀਆਂ ਤਰਜੀਹਾਂ ਨੂੰ ਕਿਵੇਂ ਤੋਲਣਾ ਹੈ, ਕਈ ਵਾਰ ਤੁਹਾਨੂੰ ਆਪਣੀਆਂ ਜ਼ੰਮੇਵਾਰੀਆਂ ਨੂੰ ਪੂਰਾ ਕਰਨ ਲਈ ਮਜ਼ੇਦਾਰ ਗਤੀਵਿਧੀਆਂ ਨੂੰ ਛੱਡਣਾ ਪੈਂਦਾ ਹੈ। ਇਹ ਤੁਹਾਨੂੰ ਸਕੂਲ ਜਾਂ ਕਾਲਜ ਤੋਂ ਬਾਅਦ ਦੀ ਜ਼ਿੰਦਗੀ ਲਈ ਤਿਆਰ ਕਰੇਗਾ ਜਿੱਥੇ ਬਹਾਨੇ ਅਤੇ ਦੇਰੀ ਵਾਲਾ ਕੰਮ ਸਵੀਕਾਰ ਨਹੀਂ ਕਰੇਗਾ। ਪ੍ਰਭਾਵਸ਼ਾਲੀ ਸਮਾਂ ਪ੍ਰਬੰਧਨ ਤੁਹਾਡੀ ਪੜ੍ਹਾਈ ਅਤੇ ਕਾਲਜ ਤੋਂ ਬਾਅਦ ਦੀ ਜ਼ਿੰਦਗੀ ਦੋਵਾਂ ਨੂੰ ਲਾਭ ਪਹੁੰਚਾਉਂਦਾ ਹੈ। ਜ਼ੰਮੇਵਾਰੀਆਂ: ਤੁਸੀਂ ਸਿੱਖੋਗੇ ਕਿ ਜ਼ੰਮੇਵਾਰੀਆਂ ਨੂੰ ਕਿਵੇਂ ਸੰਭਾਲਣਾ ਹੈ। ਇੱਕ ਚੰਗਾ ਵਿਦਿਆਰਥੀ ਹੋਣ ਲਈ ਬਹੁਤ ਸਾਰੀ ਜ਼ੰਮੇਵਾਰੀ ਹੁੰਦੀ ਹੈ ਪਰ ਜੇਕਰ ਤੁਸੀਂ ਸਕੂਲ ਦੀ ਪੜ੍ਹਾਈ ਜਾਂ ਗਤੀਵਿਧੀਆਂ ਅਤੇ ਪਾਰਟ-ਟਾਈਮ ਨੌਕਰੀ ਨੂੰ ਸੰਤੁਲਿਤ ਕਰਨਾ ਸਿੱਖਦੇ ਹੋ, ਤਾਂ ਤੁਸੀਂ ਜ਼ੰਮੇਵਾਰੀ ਦਾ ਸਹੀ ਅਰਥ ਸਿੱਖੋਗੇ। ਜਿਵੇਂ-ਜਿਵੇਂ ਤੁਸੀਂ ਵੱਡੇ ਹੋ ਜਾਂਦੇ ਹੋ, ਤੁਹਾਡੀਆਂ ਜ਼ੰਮੇਵਾਰੀਆਂ ਦੀ ਮਾਤਰਾ ਵਧਦੀ ਜਾਵੇਗੀ, ਇਸ ਲਈ ਛੋਟੀ ਉਮਰ ਵਿੱਚ ਮਲਟੀਟਾਸਕ ਕਿਵੇਂ ਕਰਨਾ ਹੈ ਇਹ ਸਿੱਖਣਾ ਤੁਹਾਨੂੰ ਭਵਿੱਖ ਲਈ ਬਿਹਤਰ ਢੰਗ ਨਾਲ ਤਿਆਰ ਕਰੇਗਾ। ਜਦੋਂ ਤੁਸੀਂ ਨੌਕਰੀ ਪ੍ਰਾਪਤ ਕਰਦੇ ਹੋ, ਤਾਂ ਤੁਹਾਡੇ ਮਾਤਾ-ਪਿਤਾ ਤੁਹਾਡੇ ਤੋਂ ਘਰ ਦੇ ਆਲੇ-ਦੁਆਲੇ ਮਦਦ ਦੀ ਉਮੀਦ ਕਰਨ ਜਾ ਰਹੇ ਹਨ, ਮਤਲਬ ਕਿ ਬਿਲਾਂ ਜਾਂ ਹੋਰ ਖਰਚਿਆਂ ਦਾ ਭੁਗਤਾਨ ਕਰਨਾ, ਯਕੀਨੀ ਤੌਰ 'ਤੇ, ਤੁਹਾਡੇ ਮਾਪੇ ਸ਼ਾਇਦ ਤੁਹਾਨੂੰ ਕਿਰਾਇਆ ਜਾਂ ਇਸ ਤਰ੍ਹਾਂ ਦੀ ਕੋਈ ਚੀਜ਼ ਦੇਣ ਲਈ ਮਜਬੂਰ ਨਹੀਂ ਕਰਨਗੇ। ਹਾਲਾਂਕਿ, ਤੁਹਾਡੇ ਸੈੱਲ ਫੋਨ ਦੇ ਬਿੱਲਾਂ ਜਾਂ ਹੋਰ ਸਹੂਲਤਾਂ ਲਈ ਭੁਗਤਾਨ ਕਰਨਾ ਇੱਕ ਵਿਕਲਪ ਹੋ ਸਕਦਾ ਹੈ ਜੋ ਉਹਨਾਂ ਦੇ ਬੋਝ ਨੂੰ ਘਟਾਉਂਦਾ ਹੈ। ਜਦੋਂ ਤੁਸੀਂ ਆਪਣੇ ਖਰਚੇ ਖੁਦ ਅਦਾ ਕਰਦੇ ਹੋ ਤਾਂ ਤੁਹਾਡੇ ਮਾਤਾ-ਪਿਤਾ ਆਜ਼ਾਦ ਮਹਿਸੂਸ ਕਰਨਗੇ। ਇਸ ਤੋਂ ਇਲਾਵਾ, ਆਪਣੇ ਪੈਸੇ ਕਮਾਉਣ ਵਾਲੇ ਵਿਦਿਆਰਥੀ ਸਮਝਦਾਰੀ ਨਾਲ ਖਰਚ ਕਰਨ ਬਾਰੇ ਸਬਕ ਪ੍ਰਾਪਤ ਕਰਦੇ ਹਨ। ਹੋ ਸਕਦਾ ਹੈ ਕਿ ਉਹ ਆਪਣੀ ਮਿਹਨਤ ਨਾਲ ਕਮਾਏ ਪੈਸੇ ਨੂੰ ਗੈਰ-ਜ਼ੰਮੇਵਾਰਾਨਾ ਢੰਗ ਨਾਲ ਖਰਚ ਕਰਨ ਅਤੇ ਪਾਠ-ਪੁਸਤਕਾਂ ਅਤੇ ਕਿਰਾਏ ਵਰਗੀਆਂ ਲੋੜਾਂ ਲਈ ਤਨਖਾਹ ਸਿੱਖਣ ਦੀ ਸੰਭਾਵਨਾ ਘੱਟ ਹੋਵੇ। ਇਸ ਦੇ ਨਾਲ ਹੀ, ਉਹ ਗੈਰ-ਜ਼ਰੂਰੀ ਖਰੀਦਦਾਰੀ ਲਈ ਬੱਚਤ ਕਰ ਸਕਦੇ ਹਨ, ਜਿਵੇਂ ਕਿ ਕਾਰ। ਇਸ ਤਰ੍ਹਾਂ ਇਸ ਉਮਰ ਵਿੱਚ ਕੰਮ ਕਰਨਾ ਤੁਹਾਨੂੰ ਇੱਕ ਜ਼ੰਮੇਵਾਰ ਵਿਅਕਤੀ ਬਣਨ ਵਿੱਚ ਮਦਦ ਕਰਦਾ ਹੈ। ਸੋਸ਼ਲ ਨੈੱਟਵਰਕ: ਪਾਰਟ-ਟਾਈਮ ਨੌਕਰੀ ਕਰਨਾ ਤੁਹਾਨੂੰ ਕੁਨੈਕਸ਼ਨ ਵਿਕਸਿਤ ਕਰਨ ਦੀ ਇਜਾਜ਼ਤ ਦਿੰਦਾ ਹੈ। ਤੁਹਾਨੂੰ ਸਕੂਲ ਜਾਂ ਕਾਲਜ ਤੋਂ ਬਾਅਦ ਹਰ ਹਫ਼ਤੇ ਘੰਟਿਆਂ ਦੀ ਇੱਕ ਸਥਾਈ ਗਿਣਤੀ ਕਰਨ ਲਈ ਇੱਕ ਵਧੀਆ ਦੋਸਤ, ਹਵਾਲਾ, ਕੁਨੈਕਸ਼ਨ ਜਾਂ ਫੁੱਲ-ਟਾਈਮ ਨੌਕਰੀ ਵੀ ਮਿਲ ਸਕਦੀ ਹੈ। ਪਾਰਟ-ਟਾਈਮ ਨੌਕਰੀ ਰਾਹੀਂ ਤੁਸੀਂ ਦੂਜੇ ਲੋਕਾਂ ਨਾਲ ਕੰਮ ਕਰਨ ਦੀ ਸੰਭਾਵਨਾ ਰੱਖਦੇ ਹੋ, ਜਿਨ੍ਹਾਂ ਨਾਲ ਤੁਸੀਂ ਸਮਾਜਕ ਬਣ ਸਕਦੇ ਹੋ। ਇਹ ਯੂਨੀਵਰਸਿਟੀ ਵਿੱਚ ਤੁਹਾਡੇ ਸਮੇਂ ਨੂੰ ਹੋਰ ਬਿਹਤਰ ਬਣਾਉਣ ਵਿੱਚ ਮਦਦ ਕਰ ਸਕਦਾ ਹੈ, ਖਾਸ ਕਰਕੇ ਜੇ ਤੁਸੀਂ ਕੰਮ ਤੋਂ ਬਾਹਰ ਆਪਣੇ ਕੰਮ ਦੇ ਸਾਥੀ ਨਾਲ ਸਮਾਂ ਬਿਤਾ ਸਕਦੇ ਹੋ। ਪੇਸ਼ੇਵਰ ਕਨੈਕਸ਼ਨ ਹੋਣ ਨਾਲ ਉਹ ਮੌਕੇ ਖੁੱਲ੍ਹ ਸਕਦੇ ਹਨ ਜੋ ਤੁਹਾਡੇ ਕੋਲ ਨਹੀਂ ਹੁੰਦੇ ਅਤੇ ਕਾਲਜ ਦੇ ਖਤਮ ਹੋਣ ਤੋਂ ਪਹਿਲਾਂ ਸੰਪਰਕਾਂ ਦਾ ਇੱਕ ਨੈੱਟਵਰਕ ਬਣਾਉਣਾ ਕਾਲਜ ਵਿੱਚ ਕੰਮ ਕਰਨ ਦਾ ਬਹੁਤ ਵੱਡਾ ਲਾਭ ਹੈ। ਤੁਸੀਂ ਕਦੇ ਵੀ ਕਿਸੇ ਅਜਿਹੇ ਵਿਅਕਤੀ ਨੂੰ ਨਹੀਂ ਜਾਣਦੇ ਹੋ ਜਿਸ ਨੂੰ ਤੁਸੀਂ ਆਪਣੀ ਕਾਲਜ ਦੀ ਨੌਕਰੀ 'ਤੇ ਮਿਲਦੇ ਹੋ, ਕਾਲਜ ਤੋਂ ਬਾਅਦ ਤੁਹਾਡੇ ਸੁਪਨੇ ਦੀ ਨੌਕਰੀ ਦੇ ਦਰਵਾਜ਼ੇ 'ਤੇ ਤੁਹਾਡੇ ਪੈਰ ਪਾਉਣ ਲਈ ਮੁੱਖ ਵਿਅਕਤੀ ਹੋ ਸਕਦਾ ਹੈ। ਜਨੂੰਨ ਨੌਕਰੀ ਲੱਭੋ: ਪਾਰਟ-ਟਾਈਮ ਨੌਕਰੀ ਕਰਨਾ ਤੁਹਾਨੂੰ ਬਹੁਤ ਸਾਰੇ ਵੱਖ-ਵੱਖ ਕੰਮਾਂ ਦੀ ਕੋਸ਼ਿਸ਼ ਕਰਨ ਅਤੇ ਹੁਨਰਾਂ ਨੂੰ ਨਿਖਾਰਨ ਦੀ ਇਜਾਜ਼ਤ ਦਿੰਦਾ ਹੈ ਜੋ ਤੁਹਾਡੇ ਜਨੂੰਨ ਨੂੰ ਲੱਭਣ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ। ਜਿਵੇਂ ਤੁਸੀਂ ਕੰਮ ਕਰਦੇ ਹੋ, ਤੁਸੀਂ ਵੱਖ-ਵੱਖ ਨੌਕਰੀਆਂ ਅਤੇ ਕਰੀਅਰ ਦੇ ਮਾਰਗਾਂ ਦੀ ਵਿਸਤ੍ਰਿਤ ਵਿਸ਼ੇਸ਼ਤਾ ਅਤੇ ਪਹਿਲੂਆਂ ਨੂੰ ਸਮਝਦੇ ਹੋ ਜੋ ਤੁਹਾਡੇ ਲਈ ਥੋੜਾ ਸਪੱਸ਼ਟ ਕਰ ਸਕਦੇ ਹਨ। ਇਸ ਲਈ ਭਾਵੇਂ ਇਹ ਸਿਹਤ ਲਈ ਤੁਹਾਡੇ ਜਨੂੰਨ ਨੂੰ ਮਜ਼ਬੂਤ ਕਰ ਰਿਹਾ ਹੈ ਜਾਂ ਵਿਦਿਆਰਥੀ ਮਾਮਲਿਆਂ ਵਿੱਚ ਜਾਣ ਦਾ ਤੁਹਾਡਾ ਨਵਾਂ ਸੁਪਨਾ, ਪਾਰਟ-ਟਾਈਮ ਨੌਕਰੀ ਕਰਨਾ ਤੁਹਾਡੇ ਭਵਿੱਖ ਨੂੰ ਥੋੜਾ ਜਿਹਾ ਸਪਸ਼ਟ ਬਣਾਉਣ ਵਿੱਚ ਮਦਦ ਕਰ ਸਕਦਾ ਹੈ। ਪਾਰਟ-ਟਾਈਮ ਨੌਕਰੀਆਂ ਤੁਹਾਨੂੰ ਭਵਿੱਖ ਦੇ ਕੈਰੀਅਰ ਲਈ ਆਪਣਾ ਮਨ ਬਣਾਉਣ ਵਿੱਚ ਮਦਦ ਕਰਨ ਲਈ ਕਈ ਤਰ੍ਹਾਂ ਦੀਆਂ ਭੂਮਿਕਾਵਾਂ ਨੂੰ ਅਜ਼ਮਾਉਣ ਦਿੰਦੀਆਂ ਹਨ। ਇਸ ਤੋਂ ਇਲਾਵਾ, ਤੁਸੀਂ ਆਪਣੀ ਪਾਰਟ-ਟਾਈਮ ਨੌਕਰੀ ਦੀ ਵਰਤੋਂ ਕਰੀਅਰ ਜਾਂ ਦਿਲਚਸਪੀ ਵਾਲੇ ਖੇਤਰ ਦੀ ਜਾਣ-ਪਛਾਣ ਪ੍ਰਾਪਤ ਕਰਨ ਲਈ ਕਰ ਸਕਦੇ ਹੋ ਜਿਸ ਵਿੱਚ ਤੁਸੀਂ ਆਪਣਾ ਕਾਲਜ ਪੂਰਾ ਕਰਨ ਤੋਂ ਬਾਅਦ ਜਾਣਾ ਚਾਹੁੰਦੇ ਹੋ। ਇਹ ਤਜਰਬਾ ਤੁਹਾਨੂੰ ਇੰਟਰਵਿਊ ਵਿੱਚ ਦੂਜੇ ਉਮੀਦਵਾਰਾਂ ਨਾਲੋਂ ਵੱਖਰਾ ਹੋਣ ਵਿੱਚ ਮਦਦ ਕਰੇਗਾ; ਤੁਸੀਂ ਆਪਣੇ ਚੁਣੇ ਹੋਏ ਖੇਤਰ ਵਿੱਚ ਦੂਜਿਆਂ ਨਾਲ ਨੈੱਟਵਰਕਿੰਗ ਸ਼ੁਰੂ ਕਰ ਸਕਦੇ ਹੋ ਕਿਉਂਕਿ ਇਸ ਸ਼ੁਰੂਆਤੀ ਪੜਾਅ 'ਤੇ ਪੇਸ਼ੇਵਰ ਸਬੰਧ ਬਣਾਉਣਾ ਗ੍ਰੈਜੂਏਸ਼ਨ ਤੋਂ ਬਾਅਦ ਜਲਦੀ ਰੁਜ਼ਗਾਰ ਪ੍ਰਾਪਤ ਕਰਨ ਦੀਆਂ ਸੰਭਾਵਨਾਵਾਂ ਵਿੱਚ ਮਦਦ ਕਰੇਗਾ। ਮੇਰੇ ਦ੍ਰਿਸ਼ਟੀਕੋਣ ਦੇ ਅਨੁਸਾਰ, ਮੈਂ ਸੋਚਦਾ ਹਾਂ ਕਿ ਵੱਖ-ਵੱਖ ਪਹਿਲੂਆਂ ਵਿੱਚ ਇੱਕ ਸਕੂਲ ਜਾਂ ਕਾਲਜ ਦੇ ਵਿਦਿਆਰਥੀ ਲਈ ਪਾਰਟ-ਟਾਈਮ ਨੌਕਰੀ ਕਰਨਾ ਬਹੁਤ ਵਧੀਆ ਹੈ। ਪਾਰਟ-ਟਾਈਮ ਨੌਕਰੀ ਹੋਣ ਕਾਰਨ ਵਿਦਿਆਰਥੀ ਦੇ ਗ੍ਰੇਡਾਂ ਵਿੱਚ ਗਿਰਾਵਟ ਬਾਰੇ ਚਿੰਤਾ ਕਰਨ ਦੀ ਬਜਾਏ, ਮੇਰੇ ਖਿਆਲ ਵਿੱਚ ਉਹਨਾਂ ਨੂੰ ਇਸ ਨੂੰ ਵਿਦਿਆਰਥੀ ਲਈ ਇੱਕ ਚੁਣੌਤੀ ਵਜੋਂ ਦੇਖਣਾ ਚਾਹੀਦਾ ਹੈ ਕਿਉਂਕਿ ਬਾਅਦ ਵਿੱਚ ਜੀਵਨ ਵਿੱਚ ਉਹਨਾਂ ਨੂੰ ਵੱਡੀਆਂ ਰੁਕਾਵਟਾਂ ਦਾ ਸਾਹਮਣਾ ਕਰਨਾ ਪਵੇਗਾ। ਪਾਰਟ-ਟਾਈਮ ਨੌਕਰੀ ਹੋਣ ਨਾਲ ਵਿਦਿਆਰਥੀਆਂ ਨੂੰ ਤਿੱਖੇ ਹੁਨਰ ਦੀ ਅਗਵਾਈ ਹੁੰਦੀ ਹੈ ਜਿਸਦੀ ਉਹਨਾਂ ਨੂੰ ਆਪਣੇ ਕਰੀਅਰ ਅਤੇ ਜੀਵਨ ਦੌਰਾਨ ਲੋੜ ਪਵੇਗੀ। ਹਾਲਾਂਕਿ ਹਾਈ ਸਕੂਲ ਵਿੱਚ ਪਾਰਟ-ਟਾਈਮ ਨੌਕਰੀ ਕਰਨ ਦੇ ਬਹੁਤ ਸਾਰੇ ਫਾਇਦੇ ਹਨ ਪਰ ਸਾਰੇ ਵਿਦਿਆਰਥੀ ਇਸ ਨੂੰ ਸੰਭਾਲਣ ਦੇ ਯੋਗ ਨਹੀਂ ਹਨ। ਜੇ ਤੁਹਾਡੀ ਅਕਾਦਮਿਕ ਕਾਰਗੁਜ਼ਾਰੀ ਖਰਾਬ ਹੋਣ ਲੱਗਦੀ ਹੈ ਜਾਂ ਤੁਹਾਨੂੰ ਲੋੜੀਂਦੀ ਨੀਂਦ ਨਹੀਂ ਆ ਰਹੀ ਹੈ, ਤਾਂ ਤੁਹਾਨੂੰ ਆਪਣੇ ਕੰਮ ਦੇ ਘੰਟੇ ਕੱਟਣੇ ਚਾਹੀਦੇ ਹਨ ਜਾਂ ਸਿਰਫ ਸ਼ਨੀਵਾਰ ਅਤੇ ਛੁੱਟੀਆਂ ਦੌਰਾਨ ਕੰਮ ਕਰਨਾ ਚਾਹੀਦਾ ਹੈ।



ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ ਐਜੂਕੇਸ਼ਨਲ
ਕਾਲਮਨਿਸਟ ਮਲੋਟ ਪੰਜਾਬ




ਅਦਾਰਾ 'ਲੋਕ ਬਾਣੀ' ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ, ਪੁਸ਼ਟੀ ਕਰ ਲੈਣ। -ਸੰਪਾਦਕ

daily lok bani (punjabi) R.N.I. Punpun29016,2018 Editor,Owner,printer,Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, jalandhar (India), contect NO: 0181-2211009, fax : 2211009, Email Id: lokbani08@gmail.com